ਮਈ 1987
ਮੁੱਲ--ਦੋ ਰੁਪੱਏ
84

ਸੰਪਾਦਕੀ :

## ਭਾਰਤ ਦੀ ਸਟੇਟ ਨੂੰ ਬਦਲਣ ਲਈ ਇਨਕਲਾਬ ਤੋਂ ਸਿਵਾ ਹੋਰ ਕੋਈ ਰਾਹ ਨਹੀਂ:

o ਭਾਰਤ ਦੀ ਸਟੇਟ ਚੋਰਾਂ ਦੀ ਸਟੇਟ ਹੋ ਨਿਬੜੀ ਹੈ । ਇਸ ਵਿਚ ਹੁਣ ਕੋਈ ਸ਼ੱਕ ਨਹੀਂ ਰਿਹਾ ਜਿਹੜੇ ਇਸ ਸਟੇਟ ਨੂੰ ਚਲਾ ਰਹੇ ਹਨ, ਉਹਨਾਂ ਨੇ ਇਹੋ ਜਿਹੇ ਰਾਹ ਲਭੇ ਹੋਏ ਹਨ ਕਿ ਸਰਕਾਰੀ ਖਜ਼ਾਨੇ ਵਿਚੋਂ ਕਿਸ ਤਰ੍ਹਾਂ ਲੁੱਟ ਪਾਉਣੀ ਹੈ । ਸ੍ਰ. ਬਲਵੰਤ ਸਿੰਘ ਦਾ ਅੱਖਾਂ ਦੀ ਰੜਕ ਦੂਰ ਕਰਵਾਉਣ ਲਈ ਸਰਕਾਰੀ ਖਰਚ ਤੇ ਅਮਰੀਕਾ ਜਾਣਾ ਜ਼ਰੂਰੀ ਹੈ, ਭਾਵੇਂ ਪੰਜਾਬ ਵਿਚ ਸੰਸਾਰ ਪ੍ਰਸਿਧ ਅੱਖਾਂ ਦੇ ਡਾਕਟਰ ਮੌਜੂਦ ਹੋਣ । ਆਈ. ਏ. ਐਸ. ਅਫਸਰਾਂ ਦਾ ਸਮੇਂ ਸਮੇਂ ਬਦੇਸੀ ਦੌਰਿਆਂ ਤੇ ਜਾਣਾ ਜ਼ਰੂਰੀ ਹੈ । ਇਹ ਉਹਨਾਂ ਦੀ ਟਰੇਨਿੰਗ ਦਾ ਭਾਗ ਹੈ ਕਿ ਬਾਹਰ ਦੇ ਦੇਸ਼ਾਂ ਵਿਚ ਜਾ ਕੇ ਵੇਖਣ ਕਿ ਉਥੇ ਤਰੱਕੀ ਦੀਆਂ ਸਕੀਮਾਂ ਕਿਸ ਤਰ੍ਹਾਂ ਚਲ ਰਹੀਆਂ ਹਨ । ਉਹਨਾਂ ਲਈ ਉੜੀਸਾ ਅਤੇ ਰਾਜਸਥਾਨ ਦੇ ਦੌਰੇ ਜ਼ਰੂਰੀ ਨਹੀਂ ਕਿ ਉਥੇ ਲੋਕ ਕਾਲ ਨਾਲ ਕਿਸ ਤਰ੍ਹਾਂ ਮਰ ਰਹੇ ਹਨ । ਇਸ ਵਾਰ ਤਾਂ ਪਾਰਲੀਮੈਂਟ ਦਾ ਸਮਾਗਮ ਸਾਰੇ ਸਮੇਂ ਚੋਰੀਆਂ ਬਾਰੇ ਵਾਦ-ਵਿਵਾਦ ਦਾ ਅਖਾੜਾ ਹੀ ਰਿਹਾ ਹੈ । ਵਿੱਤ ਮੰਤਰੀ ਨੂੰ ਇਕ ਅਮਰੀਕਨ ਏਜੈਂਸੀ ਦੀਆਂ ਸੇਵਾਵਾਂ ਲੈਣੀਆਂ ਪਈਆਂ ਇਹ ਵੇਖਣ ਲਈ ਕਿ ਬਦੇਸ਼ੀ ਬੈਂਕਾਂ ਵਿਚ ਕਿਹੜੇ ਭਾਰਤੀਆਂ ਦਾ ਸਰਮਾਇਆ ਜਮਾਂ ਹੈ । ਜੋ ਜਾਣਕਾਰੀ ਮਿਲੀ ਹੈ, ਉਹ ਲੋਕਾਂ ਅਗੇ ਨਹੀਂ ਲਿਆਈ ਜਾ ਸਕਦੀ ਹੈ ਕਿਉਂਕਿ ਇਹਦੇ ਨਾਲ ਦੇਸ਼ ਦੀ ਸੁਰਖਿਆ ਨੂੰ ਖਤਰਾ ਹੁੰਦਾ ਹੈ । ਚੋਰਾਂ

ਇਸ ਅੰਕ ਵਿਚ :

o **ਸੰਪਾਦਕੀ :** ਭਾਰਤ ਦੀ ਸਟੇਟ ਚੋਰਾਂ ਦੀ ਸਟੇਟ ਹੋ ਨਿਬੜੀ ਹੈ, ਇਸਨੂੰ ਬਦਲਣ ਲਈ ਇਨਕਲਾਬ ਤੋਂ ਸਿਵਾ ਹੋਰ ਕੋਈ ਰਾਹ ਨਹੀਂ ।

o ਸਿੰਘ ਸਾਹਿਬ ਬਨਾਮ ਸੁਨੀਲ ਦੱਤ ਬਨਾਮ ਪੰਜਾਬ ਦੇ ਲੋਕ : ਸਿੰਘ ਸਾਹਿਬ ਨੇ ਜ਼ਖਮੀ ਸਿੱਖ ਮਾਨਸਿਕਤਾ ਦਾ ਕੇਸ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕੀਤਾ, ਪਰ ਇਹ ਤਸਵੀਰ ਦਾ ਇਕ ਪਾਸਾ ਹੀ ਹੋ ਨਿਬੜਿਆ ।

o ਕਰਮ ਬਰਸਟ ਦੀਆਂ ਦੋ ਟਿੱਪਣੀਆਂ : ਸਰਕਾਰੀ ਸਨਮਾਨ ਬਾਰੇ ਸਿੱਖ ਕਮਿਊਨਿਟੀ ਬਨਾਮ ਜਮਹੂਰੀ ਲਹਿਰ ਬਾਰੇ ।

o ਇਪਾਨ੍ਹਾ ਦਾ ਇਕ ਸਿਆਸੀ ਦਸਤਵੇਜ਼ ।

o ਇਕ ਸ਼ਰਧਾਂਜਲੀ ।

o **ਨਾਟਕ :** ਬੇਰੁਜ਼ਗਾਰ/ਗੁਰਸ਼ਰਨ ਸਿੰਘ

o ਪਾਠਕ ਲੇਖਕ ਫੋਰਮ : ਇਕਬਾਲ ਸਿੰਘ ਪੱਤੜ, ਜੁਗਿੰਦਰ ਸਿੰਘ ਮਾਹਿਲ, ਲਾਲ ਸਿੰਘ ਸੇਖੋਂ, ਮਹਿੰਦਰ ਮਟੂ, ਦੀਦਾਰ ਸ਼ੇਤਰਾ, ਲਖਬੀਰ ਸਿੰਘ, ਆਰ.ਐਸ. ਭੰਡਾਰੀ ।

o ਕਵਿਤਾ–ਬਲਬੀਰ ਪਰਵਾਨਾ

ਦੀ ਸਟੇਟ ਇਹ ਕਦੋਂ ਬਰਦਾਸ਼ਤ ਕਰਦੀ ਹੈ ਕਿ ਚੋਰਾਂ ਨੂੰ ਖਤਰਾ ਹੋਵੇ, ਸੋ ਚੋਰ ਦਨਦਨਾ ਰਹੇ ਹਨ। ਉੱਡਦੀ ਉੱਡਦੀ ਖਬਰ ਵਿਚ ਅਜੀਤਾਬ ਬਚਨ ਦਾ ਨਾਂ ਆਂਦਾ ਹੈ,ਜਿਸਦੇ ਨਾਂ ਉਤੇ ਬਦੇਸ਼ੀ ਬੈਂਕਾਂ ਵਿਚ ਏਨੇ ਪੈਸੇ ਜਮਾਂ ਹਨ,ਜੋ ਰਕਮ ਭਾਰਤ ਦੇ ਸਭ ਤੋਂ ਵਡੇ ਸੂਬੇ ਦੇ ਸਲਾਨਾ ਬੱਜਟ ਤੋਂ ਵੀ ਵੱਧ ਹੈ। ਉਹ ਪੈਸਾ ਅਮੀਤਾਬ ਬਚਨ ਦਾ ਹੈ ? ਉਹਦੇ ਕੋਲੋਂ ਪੁਛਿਆ ਜਾਏ ਤਾਂ ਉਹ ਕਹਿ ਦੇਵੇਗਾ 'ਮੇਰਾ ਕਿਥੇ ਹੈ, ਇਹ ਤਾਂ ਇਕ ਐਸੇ ਵਿਯਕਤੀ ਦਾ ਹੈ, ਜਿਸਦਾ ਨਾਂ ਦੇਸ਼ ਦੇ ਹਿੱਤ ਵਿਚ ਨਹੀਂ ਦਸਿਆ ਜਾ ਸਕਦਾ ਹੈ। ਸੋ ਗੱਲ ਠੱਪ ਕੀਤੀ ਜਾਂਦੀ ਹੈ। ਫੌਜ਼ ਲਈ ਹਥਿਆਰ ਖ੍ਰੀਦੇ ਜਾਂਦੇ ਹਨ। ਇੱਕ ਵਿਚੋਲੇ ਦੀ ਕਮਿਸ਼ਨ 30 ਕ੍ਰੋੜ ਹੈ। ਜੇ ਕਮਿਸ਼ਨ ਹੀ 30 ਕ੍ਰੋੜ ਹੈ ਤਾਂ ਘਾਲਾਮਾਲਾ ਘੱਟ ਤੋਂ ਘੱਟ 300 ਕ੍ਰੋੜ ਦਾ ਹੋਵੇਗਾ। 300 ਕ੍ਰੋੜ ਵਿਚ ਕਿਸੇ ਵੇਲੇ ਸਾਰਾ ਭਾਖੜਾ ਨੰਗਲ ਪ੍ਰਾਜੈਕਟ ਬਣਿਆ ਸੀ। ਯਨੀ ਇਕ ਹੀ ਵਪਾਰ ਦੇ ਲੈਣ ਦੇਣ ਵਿਚ ਜਿਥੋਂ ਤਕ ਲੋਕਾਂ ਦਾ ਸੰਬਧ ਹੈ ਇਕ ਭਾਖੜਾ ਡੈਮ ਸਮੁੰਦਰ ਵਿਚ ਗਰਕ ਹੋ ਗਿਆ ਹੈ ਤੇ ਇਹੋ ਜਿਹੇ ਵ੍ਪਾਰ ਹਰ ਸਾਲ ਕਿੰਨੇ ਹੀ ਹੁੰਦੇ ਹਨ ਤੇ ਕਿੰਨੇ ਹੀ ਭਾਖੜਾ ਡੈਮ ਗ਼ਰਕ ਹੋ ਜਾਂਦੇ ਹਨ। ਇਸ ਲਈ ਇਹ ਕੋਈ ਹੈਰਾਨੀ ਵਲ ਗੱਲ ਨਹੀਂ ਕਿ ਭਾਰਤ ਦੀ ਅੱਧੀ ਆਬਾਦੀ ਭੁੱਖ ਮਰੀ ਦੇ ਪੱਧਰ ਥਲੇ ਜੀ ਰਹੀ ਹੈ।

o **ਇਹ ਚੋਰਾਂ ਦੀ ਸਟੇਟ ਕਿਸ ਤਰਾਂ ਬਦਲੀ ਜਾਏ ?** ਇਸਦਾ ਇਕ ਰਾਹ ਉਹਨਾਂ ਵਲੋਂ ਆਂਦਾ ਹੈ, ਜੋ ਦੇਸ਼ ਭਗਤੀ ਦਾ ਵਾਸਤਾ ਪਾ ਕੇ ਕਹਿੰਦੇ ਹਨ ਕਿ ਸਟੇਟ ਨੂੰ ਇਮਾਨਦਾਰ ਲੋਕਾਂ ਦੀ ਲੋੜ ਹੈ। ਉਹ ਸਮਝਦੇ ਹਨ ਕਿ ਭਾਰਤ ਇਕ ਬੜੀ ਆਦਰਸ਼ਕ ਜਮਹੂਰੀਅਤ ਦੀ ਸਟੇਟ ਹੈ ਪਰ ਇਸ ਉਤੇ ਚੋਰ ਹਾਵੀ ਹੋ ਗਏ ਹਨ। ਉਹਨਾਂ ਦੀ ਥਾਂ ਜੇਕਰ ਇਮਾਨਦਾਰ ਬੰਦੇ ਉਤੇ ਆ ਜਾਣ ਤਾਂ ਦੇਸ਼ ਦਾ ਕਲਿਆਨ ਹੋ ਜਾਏਗਾ। ਇਹ ਈਮਾਨਦਾਰ ਬੰਦੇ ਉਤੇ ਕਿਸ ਤਰ੍ਹਾਂ ਆ ਜਾਣਗੇ, ਇਸ ਬਾਰੇ ਧੁੰਧਲੇ ਧੁੰਧਲੇ ਪਲਾਨ ਹਰ ਰੋਜ਼ ਅਖਬਾਰਾਂ ਵਿਚ ਆਂਦੇ ਹਨ। ਰਹਿ ਚੁੱਕੇ ਫੌਜੀ ਜਰਨੈਲ, ਰੀਟਾਇਰਡ ਆਈ, ਏ. ਐਸ ਅਫਸਰ, ਪੁਲਸ ਅਫਸਰ, ਆਦਿਕ ਜੋ ਅਪਣੀਆਂ ਉੱਚ ਪੱਦਵੀਆਂ ਉਤੇ ਬਰਾਜੇਮਾਨੀ ਵੇਲੇ ਆਪਣੇ ਮਹਿਕਮਿਆਂ ਵਿਚ ਵੀ ਕੋਈ ਸੁਧਾਰ ਨਾ ਲਿਆ ਸਕੇ ਹੋਣ, ਹੁਣ ਸਾਰਾ ਤੋੜਾ ਸਿਆਸਤਦਾਨਾਂ ਉਤੇ ਝਾੜ ਕੇ ਕੰਮ ਦੇ ਸਲਾਹਕਾਰ ਹੋ ਨਿਬੜਦੇ ਹਨ। ਉਹ ਕਦੀ ਵੀ ਇਸ ਸਟੇਟ ਦੇ ਬੁਨਿਯਾਦੀ ਢਾਂਚੇ ਨੂੰ ਜਾਣਨ ਵਾਲੇ ਰਾਹ ਨਹੀਂ ਪੈਣਗੇ, ਜੋ ਚੋਰੀ ਨੂੰ ਜਨਮ ਦੇਂਦਾ ਹੈ। ਇਸੇ ਕਰਕੇ ਉਹਨਾਂ ਦੇ ਸਾਰੇ ਯਤਨ ਭਾਵੇਂ ਉਹਨਾਂ ਵਿਚ ਪੂਰੀ ਇਮਾਨਦਾਰੀ ਦਾ ਵੀ ਅੰਸ਼ ਹੋਵੇ, ਸਿਵਾਏ ਦਿਮਾਗੀ ਅਯਾਸ਼ੀ ਦੇ ਹੋਰ ਕੁਝ ਨਹੀਂ ਹੁੰਦੇ ਤੇ ਉਹ ਕੋਈ ਨਤੀਜਾ ਕੱਢਣ ਦੇ ਯੋਗ ਨਹੀਂ ਹੋਣਗੇ।

o ਦੂਜਾ ਰਾਹ ਉਸ ਧਿਰ ਦਾ ਹੈ, ਜੋ ਏਲ੍ਹਾਨੀਆ ਇਹ ਕਹਿੰਦੀ ਹੈ ਕਿ ਭਾਰਤੀ ਸਟੇਟ ਦੀ ਚੋਰੀ ਅਤੇ ਲੋਕਾਂ ਦੇ ਦੁੱਖ ਸਾਰੇ ਇਸ ਸਟੇਟ ਦੇ ਬੁਨਿਯਾਦੀ ਢਾਂਚੇ ਵਿਚ ਹਨ, ਜਿਸਦਾ ਸਾਰਾ ਵਿਕਾਸ ਸਰਮਾਏਦਾਰੀ ਦੇ ਵਿਕਾਸ ਦੇ ਅਸੂਲ ਤੇ ਚਲਦਾ ਹੈ, ਤੇ ਜਿਸਦਾ ਮੁੱਖ ਚ੍ਰਿਤਰ ਹੈ ਕਿ ਉਹ ਸਿਰਫ ਕੁਝ ਲੋਕਾਂ ਦੇ ਲਾਭ ਲਈ ਹੈ। ਇਹ ਕੁਝ ਲੋਕ ਕੌਣ ਹੋਣਗੇ ? ਜਿਨ੍ਹਾਂ ਕੋਲ ਸਰਮਾਇਆ (ਪੈਸਾ) ਹੈ। ਜਿਸ ਕੋਲ ਬਹੁਤਾ ਪੈਸਾ ਹੈ, ਉਹ ਸਟੇਟ ਉਤੇ ਬਹੁਤਾ ਹਾਵੀ ਹੋਵੇਗਾ। ਬਹੁਤਾ ਪੈਸਾ ਕਿਥੋਂ ਆਵੇਗਾ ? ਜਿੰਨੀ ਬਹੁਤੀ ਚੋਰੀ ਕੀਤੀ ਜਾਏ। ਇਸ ਲਈ ਸਟੇਟ ਅਖੀਰ ਵਿਚ ਚੋਰਾਂ ਦੀ ਸਟੇਟ ਬਣ ਜਾਂਦੀ ਹੈ। **ਇਸ ਸਟੇਟ ਦਾ ਚ੍ਰਿਤਰ ਬਗੈਰ ਇਸ ਸਟੇਟ ਦੇ ਬੁਨਿਯਾਦੀ ਢਾਂਚੇ ਨੂੰ ਬਦਲੇ ਨਹੀਂ ਬਦਲਿਆ ਜਾ ਸਕਦਾ। ਇਸੇ ਨੂੰ ਇਨਕਲ੍ਹਾਬ ਕਹਿੰਦੇ ਹਨ।**

ਇਨਕਲਾਬ ਵਿਚ ਹੀ ਭਾਰਤ ਦੇ ਲੋਕਾਂ ਦੀ ਮੁੱਕਤੀ ਹੈ। ਚੋਰਾਂ ਦੀ ਸਟੇਟ ਦੀ ਕੋਸ਼ਿਸ਼ ਹੋਵੇਗੀ ਕਿ ਇਨਕਲਾਬ ਦਾ ਰਾਹ ਲੋਕਾਂ ਨੂੰ ਨਾ ਦਿਖ ਸਕੇ। ਉਹ ਇਸਦਾ ਮਜ਼ਾਕ ਵੀ ਉਡਾਨਗੇ, ਇਸਨੂੰ ਬਦਨਾਮ ਵੀ ਕਰਨਗੇ। ਆਪਣੇ ਏਜੰਟ ਇਨਕਲਾਬ ਵਾਲੇ ਰਾਹ ਤੇ ਚਲਣ ਵਾਲਿਆਂ ਵਿਚ ਭੇਜਕੇ ਇਸ ਨੂੰ ਔਝੜਾਂ ਵਿਚ ਵੀ ਪਾਉਣਗੇ। ਸੱਚੇ ਇਨਕਲਾਬੀਆਂ ਦਾ ਫਰਜ਼ ਹੈ ਕਿ ਉਹਨਾਂ ਦੇ ਯਤਨਾਂ ਨੂੰ ਨਾਕਾਮ ਬਨਾਉਣ। ਮਾਰਕਸਵਾਦ ਦੀ ਸਮਾਜਕ ਸਾਇੰਸ ਦਾ ਆਸਰਾ ਲੈ ਕੇ ਅਪਣੇ ਸੰਘਰਸ਼ ਨੂੰ ਅਗੇ ਲਿਜਾਣ। ਇਸ ਸਾਇੰਸ ਦੇ ਰਾਹੀਂ ਅਪਣੇ ਦੋਸਤਾਂ ਅਤੇ ਦੁਸ਼ਮਣਾਂ ਨੂੰ ਪਛਾਣਨ। ਇਨਕਲਾਬ ਦਾ ਸੁਨਿਹਾ ਲੈਕੇ ਘਰ ਘਰ ਪੁਜਣ। ਲੰਮੀਆਂ ਘਾਲਨਾਵਾਂ ਕਰਕੇ ਲੋਕਾਂ ਨੂੰ ਲਾਮਬੰਦ ਕਰਨਾ ਉਹਨਾਂ ਨੂੰ ਇਨਕਲਾਬ ਦੀ ਮੰਜ਼ਿਲ ਵਲ ਜਾਂਦੀ ਜਰਨੈਲੀ ਸੜਕ ਤੇ ਲਿਆਉਣ ਦਾ ਯਤਨ ਕਰਨ। ਉਹਨਾਂ ਨੂੰ ਪੱਗਡੰਡੀਆਂ ਵਿਚੋਂ ਹੀ ਨਾ ਉਲਝਣ ਦੇਣ। **ਭਾਰਤ ਦੇ ਕ੍ਰੋੜਾਂ ਗਰੀਬਾਂ ਲਈ ਮੁਕਤੀ ਦਾ ਰਾਹ ਇਨਕਲਾਬ ਤੋਂ ਸਿਵਾ ਹੋਰ ਕੋਈ ਨਹੀਂ।**

ਗੁਰਸ਼ਰਨ ਸਿੰਘ

# ਸਿੰਘ ਸਾਹਿਬ ਬਨਾਮ ਸੁਨੀਲਦੱਤ, ਬਨਾਮ ਪੰਜਾਬ ਦੇ ਲੋਕ

ਸੁਨੀਲ ਦੱਤ ਦੀ ਪੱਦਯਾਤਰਾ ਦਾ ਇਕ ਲਾਭ ਜੋ ਹੋਇਆ ਹੈ, ਉਹ ਉਹਦੀ ਸਿੰਘ ਸਾਹਿਬ ਰਾਗੀ ਦਰਸ਼ਨ ਸਿੰਘ ਹੋਰਾਂ ਨਾਲ ਇਕ ਐਸੀ ਵਾਰਤਾਲਾਪ ਹੈ, ਜੋ ਖੁਲ੍ਹੇ ਆਮ ਕੀਤੀ ਗਈ ਹੈ ਅਤੇ ਜਿਸਦਾ ਟੇਪ ਰੀਕਾਰਡ ਵੀ ਹਾਸਿਲ ਹੈ। ਅਜੀਤ ਅਖਬਾਰ ਵਿਚ ਜਿਸ ਤਰ੍ਹਾਂ ਇਹ ਵਿਸਥਾਰ ਨਾਲ ਆਇਆ ਹੈ, ਹੁਣ ਉਸ ਤੋਂ ਕੋਈ ਧਿਰ ਮੁੱਕਰ ਨਹੀਂ ਸਕਦੀ ਕਿ ਮੈਂ ਇਹ ਕਿਹਾ ਸੀ ਜਾਂ ਮੈਂ ਇਹ ਨਹੀਂ ਕਿਹਾ ਸੀ। ਭ੍ਰਿਸ਼ਟ ਰਾਜਨੀਤੀ (ਅਤੇ ਅਖਬਾਰ ਨਵੀਸੀ ਵੀ ਇਸ ਭ੍ਰਿਸ਼ਟਤਾ ਤੋਂ ਬਚੀ ਨਹੀਂ ਹੋਈ) ਕਰ ਕੇ ਇਹ ਰਿਵਾਜ ਬਣ ਗਿਆ ਹੈ ਕਿ ਸਿਆਸੀ ਵਾਰਤਾਲਾਪਾਂ ਬਾਰੇ ਵਾਦ ਵਿਵਾਦ ਛਿੜ ਜਾਂਦਾ ਹੈ ਕਿ ਮੇਰਾ ਮਤਲਬ ਤਾਂ ਇਹ ਸੀ ਪਰ ਪ੍ਰੈਸ ਨੇ ਇਸ ਨੂੰ ਹੋਰ ਤਰ੍ਹਾਂ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਸਿੱਖ ਕਮਿਊਨਿਟੀ ਨੂੰ ਹੁਣ ਸ਼ਕਾਇਤ ਨਹੀਂ ਰਹੇਗੀ ਕਿ ਉਹਨਾਂ ਦਾ ਦ੍ਰਿਸ਼ਟੀਕੋਣ ਭਾਰਤ ਦੇ ਲੋਕਾਂ ਅਗੇ ਪੇਸ਼ ਨਹੀਂ ਹੋ ਸਕਿਆ। ਇਸ ਵਾਰਤਾਲਾਪ ਨੂੰ ਹੁਣ ਵਿਸਥਾਰ ਨਾਲ ਕੌਮੀ ਪ੍ਰੈਸ ਵਿਚ ਛਾਪਿਆ ਜਾ ਚੁਕਿਆ ਹੈ। ਇਸੇ ਤਰ੍ਹਾਂ ਰਾਗੀ ਦਰਸ਼ਨ ਸਿੰਘ ਹੋਰਾਂ ਨੂੰ ਜੇਕਰ ਟੀ. ਵੀ. ਵਿਚ ਬੋਲਣ ਦਾ ਮੌਕਾ ਦਿਤਾ ਜਾਂਦਾ, ਜਿਸ ਤਰ੍ਹਾਂ ਕਿ ਉਹਨਾਂ ਨੇ ਇਸ ਮੌਕੇ ਦੀ ਮੰਗ ਕੀਤੀ ਸੀ ਤਾਂ ਹੋਰ ਵੀ ਚੰਗਾ ਹੁੰਦਾ। ਸ਼ਮਤਾ ਵਿਚ ਵੀ ਜਦੋਂ ਗੋਲਮੇਜ਼ ਦੀ ਤਜਵੀਜ਼ ਰੱਖੀ ਗਈ ਸੀ ਤਾਂ ਉਹ ਖੁਲ੍ਹੇ ਆਮ ਲੋਕਾਂ ਦੀ ਨਜ਼ਰਾਂ ਸਾਹਮਣੇ, ਟੀ. ਵੀ ਦੀ ਸਹੂਲਤ ਨੂੰ ਪੂਰੀ ਤਰ੍ਹਾਂ ਵਰਤ ਕੇ ਕੀਤੀ ਜਾਣ ਲਈ ਕਿਹਾ ਸੀ ਤਾਂ ਜੋ ਕਿਸੇ ਧਿਰ ਦਾ ਪੱਖ ਲੋਕਾਂ ਅਗੇ ਗਲਤ ਪੇਸ਼ ਨਾ ਹੋਏ।

ਸਿੰਘ ਸਾਹਿਬ ਨੇ ਜ਼ਖਮੀ ਸਿੱਖ ਮਾਨਸਿਕਤਾ ਦਾ ਕੇਸ ਜੋ ਸੁਨੀਲ ਦੱਤ ਅਗੇ ਜਾਂ ਕਹਿ ਲਵੋ ਸਮੁੱਚੇ ਭਾਰਤ ਦੇ ਲੋਕਾਂ ਅਗੇ ਪੇਸ਼ ਕੀਤਾ ਹੈ, ਉਹ ਇਕ ਸ਼ਕਤੀ-ਸ਼ਾਲੀ ਕੇਸ ਹੈ। ਜਿਸ ਦ੍ਰਿੜਤਾ ਅਤੇ ਸਹਿਜ ਨਾਲ ਇਹ ਕੇਸ ਪੇਸ਼ ਕੀਤਾ ਗਿਆ ਹੈ, ਉਸ ਤੋਂ ਕੋਈ ਵੀ ਪ੍ਰਭਾਵਤ ਹੋਏ ਬਗੈਰ ਨਹੀਂ ਰਹਿ ਸਕਦਾ ਤੇ ਇਹ ਕੋਈ ਅਨੋਖੀ ਗੱਲ ਨਹੀਂ ਕਿ ਸੁਨੀਲ ਦੱਤ ਵਰਗੀ ਜਜ਼ਬਾਤੀ ਸ਼ਖਸੀਅਤ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਹੋਣ।

ਇਹਨਾਂ ਮੁੱਢਲੀਆਂ ਗੱਲਾਂ ਤੋਂ ਬਾਅਦ ਹੁਣ ਸਿੰਘ ਸਾਹਿਬ ਵਲੋਂ ਕੀਤੀਆਂ ਗਈਆਂ ਗੱਲਾਂ ਵਲ ਆਉਂਦੇ ਹਾਂ।

o ਸਿੱਖਾਂ ਨਾਲ ਇਨਸਾਫ ਨਹੀਂ ਕੀਤਾ ਗਿਆ। ਇੰਦਰਾ ਗਾਂਧੀ ਮਰੀ ਤਾਂ ਵੱਡਾ ਦਰਖਤ ਡਿਗਣ ਦੀ ਮਿਸਾਲ ਦਿਤੀ ਗਈ ਪਰ ਜਦੋਂ ਸ੍ਰੀ ਅਕਾਲ ਤਖਤ ਡਿਗਿਆ ਤਾਂ ਕੀ ਉਹ ਛੋਟਾ ਦਰਖਤ ਸੀ? ਭਾਰਤ ਸਰਕਾਰ ਕੋਲ ਇਸ ਦਾ ਕੋਈ ਜਵਾਬ ਨਹੀਂ ਹੋ ਸਕਦਾ।

o ਭੁਪਾਲ ਗੈਸ ਕਾਂਡ ਵਿਚ ਮਰਨ ਵਾਲਿਆਂ ਲਈ ਪਾਰਲੀਮੈਂਟ ਵਿਚ ਸੋਗ ਦਾ ਪ੍ਰਗਟਾਵਾ ਹੋ ਸਕਦਾ ਹੈ ਪਰ ਦਿੱਲੀ ਵਿਚ 3100 ਤੋਂ ਵੱਧ ਨਿਰਦੋਸ਼ ਲੋਕਾਂ ਦੇ ਮਾਰੇ ਜਾਣ ਤੇ ਪਾਰਲੀਮੈਂਟ ਵਿਚ ਜ਼ਿਕਰ ਤਕ ਨਹੀਂ ਆਇਆ। ਭਾਰਤ ਸਰਕਾਰ ਜਾਂ ਵਿਰੋਧੀ ਪਾਰਟੀਆਂ ਵੀ ਜੋ ਪਾਰਲੀਮੈਂਟ ਵਿਚ ਬੈਠੀਆਂ ਸਨ, ਉਹਨਾਂ ਕੋਲ ਇਸ ਦਾ ਕੋਈ ਜਵਾਬ ਨਹੀਂ ਹੋ ਸਕਦਾ।

o ਉਪਰੇਸ਼ਨ ਬਲਿਊਸਟਾਰ ਦੇ ਬਾਅਦ ਉਪਰੇਸ਼ਨ ਵੁਡਰੋਜ਼ ਜਿਸ ਨੂੰ ਕੰਘੀ ਉਪਰੇਸ਼ਨ ਕਿਹਾ ਜਾਂਦਾ ਹੈ, ਇਹ ਕਿਉਂ ਕੀਤਾ ਗਿਆ? ਇਸ ਉਪਰੇਸ਼ਨ ਦਾ ਐਲਾਨੀਆਂ ਮੰਤਵ ਸੀ ਕਿ ਉਹ ਲੋਕ ਜੋ ਸੰਤ ਭਿੰਡਰਾਂ-ਵਾਲਾ ਦੇ ਪੈਰੋਕਾਰ ਹਨ, ਉਹਨਾਂ ਨੂੰ ਤਹਿਸ ਨਹਿਸ ਕਰ ਦਿਤਾ ਜਾਏ। ਕੀ ਭਾਰਤ ਸਰਕਾਰ ਦਾ ਆਪਣੇ ਹੀ ਲੋਕਾਂ ਉਤੇ ਇਹੋ ਜਿਹੇ ਕਿਸੇ ਅਪਰੇਸ਼ਨ ਕਰਨ ਦਾ ਹੱਕ ਹੈ? ਵਿਸ਼ੇਸ਼ ਕਰ ਕੇ ਉਹਨਾਂ ਲੋਕਾਂ ਉਤੇ ਜੋ ਕਿਸੇ ਇਕ ਸਿਧਾਂਤ ਦੇ ਪੈਰੋਕਾਰ ਹਨ, ਭਾਰਤ ਸਰਕਾਰ ਕੋਲ ਇਸ ਦਾ ਕੋਈ ਜਵਾਬ ਨਹੀਂ ਹੋ ਸਕਦਾ। ਇਸ ਕੰਘੀ ਉਪਰੇਸ਼ਨ ਵਿਚ ਹੀ ਹਜ਼ਾਰਾਂ ਸਿਖ ਨੌਜਵਾਨ ਘਰੋਂ ਬੇਘਰ ਹੋਏ ਸਨ। ਹੁਣ ਤੇ ਅਤਿਵਾਦੀਆਂ ਦੇ ਗਰੋਹ ਉਸੇ ਗਲਤ ਨੀਤੀ ਦੀ ਦੇਣ ਹਨ।

o ਪੰਜਾਬ ਸਮਝੌਤਾ ਇਸ ਸਾਜ਼ਸ਼ੀ ਤਰੀਕੇ ਨਾਲ ਹੋਇਆ ਅਤੇ ਸੰਬੰਧਤ ਧਿਰਾਂ ਨੂੰ ਬਿਲਕੁਲ ਯਕੀਨ ਵਿਚ ਨਹੀਂ ਲਿਆ ਗਿਆ।

o ਸਿੰਘ ਸਾਹਿਬਾਨ ਨੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਕਹੀਆਂ, ਜਿਸ ਦਾ ਭਾਰਤ ਸਰਕਾਰ ਕੋਲ ਕੋਈ ਜਵਾਬ ਨਹੀਂ ਹੋ ਸਕਦਾ ਅਤੇ ਇਹ ਸਪਸ਼ਟ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਸਿਖ ਕਮਿਊਨਿਸਟੀ ਨਾਲ ਜ਼ਿਆਦਤੀਆਂ ਹੋਈਆਂ ਹਨ। **ਪਰ ਇਥੇ ਇਹ ਵੀ ਕਿਹਾ ਜਾਣਾ ਜ਼ਰੂਰੀ ਹੈ ਕਿ ਇਹ ਤਸਵੀਰ ਦਾ ਇਕ ਪਾਸਾ ਹੈ** ਤੇ ਹੁਣ ਜਦੋਂ ਗੱਲ ਤੁਰ ਹੀ ਪਈ ਹੈ ਤਾਂ ਦੂਜਾ ਪਾਸਾ ਜਾਨਣਾ ਵੀ ਜ਼ਰੂਰੀ ਹੈ ਅਤੇ ਕੁਝ ਸਵਾਲਾਂ ਦਾ ਜਵਾਬ ਸਿੰਘ ਸਾਹਿਬ ਵਲੋਂ ਵੀ ਆਉਣਾ ਚਾਹੀਦਾ ਹੈ।

o **ਇਹਨਾਂ ਵਿਚ ਵੱਡਾ, ਪ੍ਰਮੁੱਖ ਅਤੇ ਬਹੁਤ ਹੀ ਪ੍ਰਮੁੱਖ ਸਵਾਲ ਹੈ** ਕਿ ਸਿਖਾਂ ਨਾਲ ਜੋ ਜ਼ਿਆਦਤੀਆਂ ਹੋਈਆਂ ਹਨ, ਉਹਨਾਂ ਦੀ ਜ਼ਿਮੇਂਵਾਰੀ ਇੰਦਰਾ ਗਾਂਧੀ ਤੇ

ਹੋ ਸਕਦੀ ਹੈ। ਬੂਟਾ ਸਿੰਘ ਉਤੇ ਹੋ ਸਕਦੀ ਹੈ। ਗਿਆਨੀ ਜ਼ੈਲ ਸਿੰਘ ਉਤੇ ਹੋ ਸਕਦੀ ਹੈ, ਰਾਜੀਵ ਗਾਂਧੀ ਉਤੇ ਹੋ ਸਕਦੀ ਹੈ। ਹਰਿਕ੍ਰਿਸ਼ਨ ਲਾਲ ਭਗਤ ਉਤੇ ਹੋ ਸਕਦੀ ਹੈ, ਪਰ ਇਸ ਦੀ ਸਜ਼ਾ ਕਿਸੇ 'ਅਸ਼ੋਕ ਕੁਮਾਰ ਵਕੀਲ, ਕਿਸੇ ਸੁਮੀਤ ਸਿੰਘ ਸੰਪਾਦਕ, ਕਿਸੇ ਮੁਨਸ਼ੀ ਰਾਮ ਦੁਕਾਨਦਾਰ, ਕਿਸੀ ਹਰਪ੍ਰੀਤ ਕੌਰ ਅਧਿਆਪਕਾ ਜਾਂ ਸੁਸ਼ੀਲ ਕੁਮਾਰੀ 6 ਸਾਲਾਂ ਦੀ ਬੱਚੀ ਜਾਂ ਦਿਆ ਰਾਮ ਭਈਏ ਨੂੰ ਕਿਉਂ ਦਿਤੀ ਗਈ ਹੈ? ਕੀ ਸਿੰਘ ਸਾਹਿਬ ਕੋਲ ਇਸ ਦਾ ਜਵਾਬ ਹੈ? ਉਤ ਉਹਨਾਂ ਨੇ ਇਹ ਜਵਾਬ ਪੰਜਾਬ ਸਮਝੌਤੇ ਦੇ ਸਿਲਸਿਲੇ ਵਿਚ ਪੁਛੇ ਗਏ ਇਕ ਸਵਾਲ ਵਿਚ ਦਿਤਾ ਹੈ। ਉਹਨਾਂ ਦਾ ਇਹ ਕਹਿਣਾ ਹੈ :—ਝਗੜਾ ਮੇਰਾ ਤੇ ਰਾਮ ਸਿੰਘ ਦਾ ਹੋਵੇ ਤੇ ਸਮਝੌਤਾ ਕੋਈ ਹੋਰ 'ਦਰਸ਼ਨ ਸਿੰਘ ਤੇ ਪਿਆਰਾ ਸਿੰਘ ਕਰ ਲੈਣ ਤਾਂ ਇਹ ਸਮਝੌਤਾ ਕਿਹੋ ਜਿਹਾ ਹੋਵੇਗਾ, ਸਾਫ ਹੈ ਕਿ ਇਹ ਸਮਝੌਤਾ ਗਲਤ ਹੋਵੇਗਾ। ਇਸੇ ਤਰ੍ਹਾਂ ਸਿੱਖ ਨੌਜਵਾਨਾਂ ਨੂੰ ਮਾਰਨ ਵਾਲੇ, ਤਸੀਹੇ ਦੇਣ ਵਾਲੇ, ਘਰੋਂ ਬੇਘਰ ਕਰਨ ਵਾਲੇ ਤਾਂ ਸਰਕਾਰ ਜਾਂ ਸਰਕਾਰ ਦੀ ਪੁਲਸ, ਫੌਜੀ ਜਾਂ ਨੀਮ ਫੌਜੀ ਦਸਤੇ ਹੋਣ ਤਾਂ ਤੁਸੀਂ ਬਦਲਾ ਅਸ਼ੋਕ ਕੁਮਾਰ, ਸੁਮੀਤ ਸਿੰਘ, ਮੁਨਸ਼ੀ ਰਾਮ, ਹਰਪ੍ਰੀਤ ਕੌਰ, ਸੁਸ਼ੀਲ ਕੁਮਾਰੀ ਜਾਂ ਦਿਆ ਰਾਮ ਕੋਲੋਂ ਲਵੋ ਤਾਂ **ਇਹ ਗਲਤ ਤੇ ਬਿਲਕੁਲ ਗਲਤ** ਹੋਵੇਗਾ। ਸਿੰਘ ਸਾਹਿਬ ਨੌਜਵਾਨਾਂ ਦੀ ਇਸ ਗਲਤੀ ਬਾਰੇ ਚੁੱਪ ਕਿਉਂ ਹਨ? ਇਕ ਧਾਰਮਕ ਅਤੇ ਰੂਹਾਨੀ ਬਲ ਵਾਲੇ ਵਿਅਕਤੀ ਕੋਲੋਂ ਗਲਤ ਨੂੰ ਗਲਤ ਕਹਿਣ ਦੀ ਇਖਲਾਕੀ ਜੁਰਅਤ ਹੋਣੀ ਚਾਹੀਦੀ ਹੈ। ਉਹਨਾਂ ਨੂੰ ਨੌਜਵਾਨਾਂ ਨੂੰ ਇਨ੍ਹਾਂ ਗਲਤ ਕਾਰਵਾਈਆਂ ਤੋਂ ਵਰਜਨਾ ਚਾਹੀਦਾ ਹੈ ਤੇ ਲੋੜ ਪਵੇ ਹੁਕਮਨਾਮਾ ਵੀ ਕੱਢਣਾ ਚਾਹੀਦਾ ਹੈ।

10 ਅੰਮ੍ਰਿਤਧਾਰੀ ਸਿਖਾਂ ਨੂੰ ਆਪਣੀ ਰਹਿਤ ਜਾਂ ਅਕੀਦੇ ਅਨੁਸਾਰ ਜੀਣ ਦਾ ਪੂਰਾ ਹੱਕ ਹੈ। ਕੰਘੀ ਉਪਰੇਸ਼ਨ ਦਰਮਿਆਨ (ਜੂਨ 1982—ਸਤੰਬਰ 1984) ਦਰਮਿਆਨ ਗਾਤਰਾ ਪਾਈ ਤੇ ਕੇਸਰੀ ਪਟਕੇ ਵਾਲਿਆਂ ਉਤੇ ਭਾਰਤੀ ਫੌਜ ਵਲੋਂ ਵਡੀਆਂ ਜ਼ਿਆਦਤੀਆਂ ਹੋਈਆਂ ਹਨ। ਇਹਨਾਂ ਸਤਰਾਂ ਦੇ ਲੇਖਕ ਆਪ ਕਈ ਕੇਸਾਂ ਵਿਚ ਪੜਤਾਲ ਕੀਤੀ ਸੀ ਤੇ ਵਿਤ ਅਨੁਸਾਰ ਦਖਲ ਅੰਦਾਜ਼ੀ ਵੀ ਕੀਤੀ ਸੀ। ਭਾਰਤ ਵਿਚ ਵੱਖ ਵੱਖ ਕਾਨਫਰੰਸਾਂ ਤੇ ਬੋਲਦਿਆਂ ਇਹਨਾਂ ਦਾ ਕੇਸ ਭਾਰਤ ਦੇ ਲੋਕਾਂ ਅਗੇ ਪੇਸ਼ ਕੀਤਾ ਸੀ। ਉਹਨਾਂ ਅੰਮ੍ਰਿਤਧਾਰੀ ਸਿਖਾਂ ਦੇ ਜਮਹੂਰੀ ਹੱਕਾਂ ਦੇ ਪੱਖ ਵਿਚ ਜ਼ੋਰਦਾਰ ਆਵਾਜ਼ ਉਠਾਈ ਸੀ ਪਰ ਅੱਜ ਉਹੀ ਅੰਮ੍ਰਿਧਾਰੀ, ਜੋ ਦੂਜੇ ਲੋਕਾਂ ਦੀ ਤਰਜ਼ੇ ਜ਼ਿੰਦਗੀ ਜਾਂ ਆਪਣੀ ਮਰਜ਼ੀ ਨਾਲ ਜੀਣ ਦੇ ਢੰਗ ਦੇ ਜਮਹੂਰੀ ਹੱਕਾਂ ਉਤੇ ਛਾਪੇ ਮਾਰ ਰਹੇ ਹਨ। ਜਬਰ-ਦਸਤੀਆਂ ਕਰ ਰਹੇ ਹਨ। ਸਿੰਘ ਸਾਹਿਬ ਨੂੰ ਇਹਨਾਂ ਬਾਰੇ ਚੁੱਪ ਨਹੀਂ ਰਹਿਣਾ ਚਾਹੀਦਾ।

ਇਸ ਵੇਲੇ ਜਦੋਂ ਹਰ ਪਾਸੇ ਤੋਂ ਆਵਾਜ਼ ਉਠ ਰਹੀ ਹੈ ਕਿ ਪੰਜਾਬ ਦੇ ਮਸਲੇ ਬਾਰੇ ਕੋਈ ਇਜ਼ਤਦਾਰ ਤੇ ਸਥਾਈ ਹਲ ਲਭਿਆ ਜਾਏ ਤਾਂ ਜ਼ਰੂਰੀ ਹੈ ਕਿ ਸਭ ਪਹਿਲ੍ਹਾਂ ਅਤੇ ਨਿਰਪੱਖ ਹੋ ਕੇ ਇਖਲਾਕੀ ਜੁਰਅਤ ਨਾਲ ਇਹ ਕੀਤਾ ਜਾਏ। ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਆਖਿਆ ਜਾਏ। ਇਹ ਗੱਲ ਸੁਨੀਲ ਦੱਤ ਉਤੇ ਵੀ ਲਾਗੂ ਹੁੰਦੀ ਹੈ, ਸਿੰਘ ਸਾਹਿਬਾਨ ਉਤੇ ਵੀ ਲਾਗੂ ਹੁੰਦੀ ਹੈ ਪੰਜਾਬ ਦੀਆਂ ਸਿਆਸੀ ਧਿਰਾਂ ਉਤੇ ਵੀ ਲਾਗੂ ਹੁੰਦੀ ਹੈ ਅਤੇ ਪੰਜਾਬ ਦੇ ਲੋਕਾਂ ਉਤੇ ਵੀ ਲਾਗੂ ਹੁੰਦੀ ਹੈ।

oo

---

## ਸ਼ਰਧਾਂਜਲੀ ਇਕੱਤਰਤਾ

ਪੰਜਾਬੋਂ ਹਿਜ਼ਰਤ ਕਰਕੇ ਗਏ ਪ੍ਰੀਵਾਰ ਦੇ ਇੱਕ ਨੌਜਵਾਨ ਸਾਥੀ ਤਰਸੇਮ 'ਤਲਾਵਾਂ' ਬੀਤੇ ਦਿਨੀਂ ਸਾਥੋਂ ਅਚਾਨਕ ਸਦਾ ਲਈ ਜੁਦਾ ਹੋ ਗਏ। ਉਨ੍ਹਾਂ ਦੀ ਯਾਦ 'ਚ ਉਹਨਾਂ ਦੇ ਪਿੰਡ ਤਲਾਵਾਂ ਦੇ ਸਮੁੱਚੇ ਨੌਜਵਾਨਾਂ ਨੇ ਇਨਕਲਾਬੀ ਸਰਧਾਂਜਲੀ ਸਮਾਰੋਹ ਦਾ ਆਯੋਜਨ ਕਰਕੇ ਵਿਛੜੇ ਸਾਥੀ ਨੂੰ ਸਰਧਾਂਜਲੀ ਭੇਂਟ ਕੀਤੀ। ਨੌਜਵਾਨ ਆਗੂ ਸਾਥੀ ਸਰਬਜੀਤ, ਨੇ ਆਏ ਸਾਥੀਆਂ ਨੂੰ ਮੌਜੂਦਾ ਹਾਲਾਤ ਬਾਰੇ ਸਪੱਸ਼ਟ ਕਰਦਿਆਂ ਸੱਦਾ ਦਿਤਾ ਕਿ ਲੁੱਟ ਤੇ ਅਧਾਰਤ ਸਮਾਜ ਨੂੰ ਬਦਲਣ ਲਈ ਮਿਹਨਤੀ ਲੋਕਾਂ ਨੂੰ ਆਪਣਾ ਏਕਾ ਮਜ਼ਬੂਤ ਕਰਕੇ, ਮੈਦਾਨ 'ਚ ਨਿੱਤਰਨ ਦੀ ਲੋੜ ਹੈ? ਇਹੋ ਹੀ ਸਾਡੀ ਵਿਛੜੇ ਸਾਥੀ ਨੂੰ ਸੱਚੀ ਸ਼ਰਧਾਂਜਲੀ ਹੈ?

ਜਾਰੀ ਕਰਤਾ—ਸਾਥੀ ਅਮਰੀਕ ਸਿੰਘ ਸੰਹੋਤਾ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਅਤੇ ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾ: ਖਾਲਸਾ ਕਾਲਜ, ਅੰਮ੍ਰਿਤਸਰ-143002 : ਸਾਲਾਨਾ ਚੰਦਾ: 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

ਦੋ ਟਿੱਪਣੀਆਂ

## ਸਰਕਾਰੀ ਸਨਮਾਨ ਬਾਰੇ ਅਤੇ ਬਲਵੀਰ ਪ੍ਰਵਾਨਾ ਦੀ ਚਿੱਠੀ ਦੇ ਜਵਾਬ ਵਿਚ—ਕਰਮ ਬਰਸਟ

ਸਾਥੀ ਗੁਰਸ਼ਰਨ ਸਿੰਘ ਨੇ ਸਰਕਾਰੀ ਸਨਮਾਨ ਲੈਣ ਪ੍ਰਤੀ ਦਲੀਲਾਂ ਦਿੰਦਿਆਂ ਦੋ ਗੱਲਾਂ ਨੂੰ ਰਲਗੱਡ ਕਰ ਦਿੱਤਾ ਹੈ। ਸਰਕਾਰੀ ਨੌਕਰੀ ਦੌਰਾਨ ਮਿਲਦੀ ਤਨਖਾਹ ਅਤੇ ਇਸ ਦੌਰਾਨ ਆਪਣੀ 'ਲਿਆਕਤ' ਨਾਲ ਲਿਆ ਹੋਰ ਇਨਾਮ ਵੱਖਰੀ ਗੱਲ ਹੈ। ਲੋਕ-ਪੱਖੀ ਕਲਾ ਦਾ ਪ੍ਰਚਾਰ ਕਰਦੇ ਹੋਏ ਸਰਕਾਰੀ ਸਨਮਾਨ ਲੈਣਾ ਹੋਰ ਗੱਲ ਹੈ। ਸਰਕਾਰੀ ਨੌਕਰੀ ਦੌਰਾਨ ਮਿਲਣ ਵਾਲੀ ਤਨਖਾਹ ਅਸਲ ਵਿਚ ਸਾਡੀ ਵੇਚੀ ਹੋਈ ਕਿਰਤ ਦਾ ਇਵਜ਼ਾਨਾ ਹੈ। ਮੌਜੂਦਾ ਵਿਵਸਥਾ ਵਿਚ ਆਪਣੀ ਜੀਵਿਕਾ ਲਈ ਅਸੀਂ ਆਪਣੀ ਕਿਰਤ ਵੇਚਦੇ ਹਾਂ ਭਾਵੇਂ ਇਹ ਸਰੀਰਕ ਮਿਹਨਤ ਵਜੋਂ ਵੇਚੀ ਕਿਰਤ ਹੋਵੇ ਜਾਂ ਦਿਮਾਗੀ ਜਿਸਨੂੰ ਤੁਸੀਂ ਲਿਆਕਤ ਕਹਿੰਦੇ ਹੋ। ਇਸ ਸਮੇਂ ਦੌਰਾਨ ਅਸੀਂ ਵਿਵਸਥਾ ਦਾ ਪੁਰਜ਼ਾ ਹੁੰਦੇ ਹਾਂ ਅਤੇ ਇਸਨੂੰ ਬਣਾਈ ਰੱਖਣ ਲਈ 'ਸਹਾਈ' ਹੁੰਦੇ ਹਾਂ। ਸਾਡੀ ਲਿਆਕਤ (ਕਿਰਤ) ਕਾਰਨ ਮਿਲੀ ਉਜ਼ਰਤ ਜਾਂ ਇਨਾਮ 'ਇਨਾਮ' ਨਹੀਂ ਹੁੰਦਾ ਸਗੋਂ ਸਾਡੀ ਮਿਹਨਤ ਦਾ ਮੁੱਲ ਹੁੰਦਾ ਹੈ। ਨਾਲ ਹੀ ਇਹ ਉਜ਼ਰਤ ਜਾਂ ਇਨਾਮ ਵੀ ਸਾਡੀ ਮਿਹਨਤ ਦਾ ਪੂਰਾ ਮੁੱਲ ਨਹੀਂ ਹੁੰਦਾ ਸਗੋਂ ਸਾਡੇ ਵਲੋਂ ਵੇਚੀ ਕਿਰਤ ਦਾ ਨਿਗੂਣਾ ਇਵਜ਼ਾਨਾ ਹੁੰਦਾ ਹੈ। ਤਾਂ ਹੀ ਅਸੀਂ ਕਹਿੰਦੇ ਹਾਂ ਕਿ ਮੌਜੂਦਾ ਲੋਕ ਦੋਖੀ ਪ੍ਰਬੰਧ ਵਿਚ ਸਾਡੀ ਕਿਰਤ ਦਾ ਪੂਰਾ ਮੁੱਲ ਨਹੀਂ ਮਿਲਦਾ, ਸਾਡੀ ਲੁੱਟ ਹੁੰਦੀ ਹੈ।

ਦੂਜੇ ਪਾਸੇ ਜਦੋਂ ਅਸੀਂ ਸਰਕਾਰੀ ਨੌਕਰੀ ਨੂੰ ਲੱਤ ਮਾਰ ਕੇ, ਖੁਦ ਆਪਣੇ ਲੋਕਾਂ ਦੇ ਟੋਕ ਰੱਖਦੇ ਹੋਏ, ਲੁਟੇਰੇ ਪ੍ਰਬੰਧ ਨੂੰ ਆਪਣੀ ਕਿਰਤ ਵੇਚਣ ਤੋਂ ਇਨਕਾਰ ਕਰਦੇ ਹਾਂ ਅਤੇ ਪੇਸ਼ਾਵਰ ਇਨਕਲਾਬੀ ਦਾ ਰਾਹ ਚੁਣਦੇ ਹਾਂ ਤਾਂ ਅਸੀਂ ਵਿਵਸਥਾ ਦੇ ਚੁੰਗਲ ਵਿਚੋਂ "ਮੁਕਤ" ਹੋ ਜਾਂਦੇ ਹਾਂ। ਹੁਣ ਅਸੀਂ ਵਿਵਸਥਾ ਦਾ ਅੰਗ ਬਣਨ ਤੋਂ ਇਨਕਾਰੀ ਹੋ ਕੇ, ਇਸਨੂੰ ਤਬਾਹ ਕਰਨ ਲਈ, ਜਨਤਾ ਨੂੰ ਸਮਾਂਤਰ ਸੱਤਾ ਕਾਇਮ ਕਰਨ ਲਈ ਪ੍ਰੇਰਨ ਅਤੇ ਜਥੇਬੰਦ ਕਰਨ ਦੇ ਰਾਹ ਪੈਂਦੇ ਹਾਂ। ਤੁਹਾਡੇ ਵਲੋਂ ਲੋਕ ਦੋਖੀ ਪ੍ਰਬੰਧ ਅਤੇ ਸਭਿਆਚਾਰ ਵਿਰੁੱਧ ਲੋਕ ਪੱਖੀ ਕਲਾ ਅਤੇ ਸਭਿਆਚਾਰ ਦਾ ਪ੍ਰਚਾਰ ਕਰਨਾ ਇਸੇ ਰਾਜਨੀਤੀ ਦਾ ਹਿੱਸਾ ਹੈ। ਹੁਣ ਜਿਸ ਵਿਵਸਥਾ ਵਿਰੁੱਧ ਸਾਡੇ ਹਮਲੇ ਦੀ ਧਾਰ ਸੇਧਤ ਹੈ, ਉਸ ਕੋਲੋਂ 'ਸਨਮਾਨ' ਲੈਣਾ, ਹਮਲੇ ਦੀ ਧਾਰ ਨੂੰ ਖੁੰਢਾ ਕਰਨਾ ਹੋਵੇਗਾ, ਕਿਉਂਕਿ ਇਸ ਤਰ੍ਹਾਂ ਅਸੀਂ ਵਿਵਸਥਾ ਦੇ 'ਜਮਹੂਰੀ' ਹੋਣ ਦੇ ਭੁਲੇਖੇ ਨੂੰ ਬਲ ਪ੍ਰਦਾਨ ਕਰਾਂਗੇ ਕਿ ਦੇਖੋ ਜੀ ਇਹ ਵਿਵਸਥਾ ਇਨਕਲਾਬੀ ਕਲਾ ਦੀ ਵੀ ਸਰਪ੍ਰਸਤੀ ਕਰਦੀ ਹੈ। ਬਾਕੀ ਤੁਹਾਡੀ ਇਹ ਗੱਲ ਬਿਲਕੁਲ ਦਰੁਸਤ ਹੈ ਕਿ ਕਿਸੇ ਲੋਕ-ਪੱਖੀ ਕਲਾਕਾਰ ਨੂੰ ਚੰਦ ਛਿੱਲੜਾਂ ਨਾਲ ਖਰੀਦਿਆ ਨਹੀਂ ਜਾ ਸਕਦਾ।

× × ×

ਸਾਥੀ ਬਲਵੀਰ ਪ੍ਰਵਾਨਾ ਨੇ ਮੇਰੇ ਲੇਖ 'ਸਿੱਖ ਕੀ ਕਰਨ' ਦਿਸ਼ਾਹੀਣ ਅਤੇ ਅਸਪਸ਼ਟ ਕਰਾਰ ਦਿੱਤਾ ਹੈ। ਮੈਂ ਮੁੜ ਕੇ ਗੰਭੀਰਤਾ ਨਾਲ ਆਪਣੇ ਲੇਖ ਅਤੇ ਸਾਥੀ ਦੇ ਵਿਚਾਰਾਂ ਨੂੰ ਵਾਚਿਆ ਹੈ ਪ੍ਰੰਤੂ ਮੈਨੂੰ ਦੋਹਾਂ ਦੇ ਸਾਰ ਤੱਤ ਵਿਚ ਕੋਈ ਬੁਨਿਆਦੀ ਵਿਰੋਧ ਨਜ਼ਰ ਨਹੀਂ ਆਇਆ। ਲੱਗਦਾ ਹੈ ਸਾਥੀ ਨੂੰ ਸਿਰਫ ਸਿਰਲੇਖ 'ਸਿੱਖ ਕੀ ਕਰਨ' ਹੀ ਬੁਰਾ ਲੱਗਿਆ ਹੈ। ਜਿੱਥੋਂ ਤੱਕ ਸਿੱਖ ਇਤਿਹਾਸ ਨੂੰ ਸਾਡੇ ਵਲੋਂ ਵਰਤਣ ਅਤੇ ਸਿੱਖ ਮੂਲਵਾਦੀਆਂ ਵਲੋਂ ਵਰਤਣ ਦਾ ਸਵਾਲ ਹੈ, ਇਸ ਵਿਚ ਅਸਲੋਂ ਹੀ ਵਿਰੋਧ ਹੈ। ਮੇਰੇ ਵਲੋਂ ਸਿੱਖ ਜਨਤਾ ਨੂੰ ਸੰਬੋਧਿਤ ਹੋ ਕੇ ਲੇਖ ਲਿਖਣ ਦਾ ਮੰਤਵ ਜਮਹੂਰੀ ਲਹਿਰ ਨੂੰ ਅਣਡਿੱਠ ਕਰਨਾ ਨਹੀਂ ਸੀ ਸਗੋਂ ਸਿੱਖ ਜਨਤਾ ਨੂੰ ਇਸ ਲਹਿਰ ਦਾ ਅੰਗ ਬਣਨ ਲਈ ਪ੍ਰੇਰਨਾ ਸੀ। ਸਿੱਖ ਜਨਤਾ ਪੰਜਾਬ ਦੀ ਜਮਹੂਰੀ ਲਹਿਰ ਦਾ ਨਿੱਗਰ ਅੰਗ ਰਹੀ ਹੈ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜਮਹੂਰੀ ਲਹਿਰ ਦਾ ਹਾਲੇ ਵੀ ਵੱਡਾ ਅਧਾਰ ਪਿੰਡਾਂ ਦੀ ਕਿਸਾਨੀ ਅਤੇ ਖੇਤ ਮਜ਼ਦੂਰ ਜਮਾਤ ਹੈ, ਜਿਸਦੀ ਵੱਡੀ ਬਹੁਗਿਣਤੀ ਸਿੱਖ ਧਰਮ ਨਾਲ ਸਬੰਧਤ ਹੈ। ਅੱਜ ਜੇਕਰ ਸਿੱਖ ਜਨਤਾ ਧਾਰਮਕ ਮੂਲਵਾਦੀਆਂ ਦੇ ਪ੍ਰਭਾਵ ਹੇਠ ਜਾ ਰਹੀ ਹੈ ਤਾਂ ਭਾਵੇਂ ਇਸ ਵਿਚ ਮੁੱਖ ਦੋਸ਼ੀ ਤਾਂ ਲੋਕ ਵਿਰੋਧੀ ਵਿਵਸਥਾ ਹੀ ਹੈ, ਫੇਰ ਵੀ ਜਮਹੂਰੀ ਤਾਕਤਾਂ ਦੀ ਫੁੱਟ ਅਤੇ ਕਮਜ਼ੋਰੀ ਵੀ ਇਸ ਵਿਚ ਜ਼ਿੰਮੇਵਾਰ ਹੈ।

ਜਮਹੂਰੀ ਲਹਿਰ ਦੇ ਵਿਕਾਸ ਲਈ ਅਤੇ ਧਾਰਮਕ ਮੂਲਵਾਦੀਆਂ ਦੀ ਦਹਿਸ਼ਤ ਅਤੇ ਹਕੂਮਤੀ ਜਬਰ ਵਿਰੁੱਧ ਜਿੱਥੇ ਜਨਸਧਾਰਣ ਦੇ ਭੱਖਦੇ ਮਸਲਿਆਂ ਉਪਰ ਘੋਲ ਚਲਾਕੇ ਲੋਕ ਸ਼ਕਤੀ ਨੂੰ ਸਹੀ ਦਿਸ਼ਾ ਵੱਲ ਲਾਉਣਾ ਜ਼ਰੂਰੀ ਹੈ ਉੱਥੇ ਨਾਲ ਹੀ ਸਾਨੂੰ ਸਿੱਖ ਜਨਤਾ ਨੂੰ ਜਮਹੂਰੀ ਲਹਿਰ ਦਾ ਅੰਗ ਬਣਾਉਣ ਲਈ ਉਨ੍ਹਾਂ ਦੀ ਮਾਨਸਿਕਤਾ ਨੂੰ ਹਲੂਣਾ ਦੇਣਾ ਪਵੇਗਾ। ਧਾਰਮਕ ਮੂਲਵਾਦੀਆਂ ਦੀ ਕੋਝੀ ਸਿਆਸਤ ਅਤੇ ਖਾਲਿਸਤਾਨ ਦੇ ਥੋਥ ਨੂੰ ਅਜੋਕੀ ਵਿਗਿਆਨਕ ਵਿਚਾਰਧਾਰਾ ਦੇ ਹਥਿਆਰ ਨਾਲ ਬੇਪੜਦ ਕਰਨ ਦੇ ਨਾਲ ਨਾਲ ਸਿੱਖ ਇਤਿਹਾਸ ਵਿਚੋਂ ਮਨੁੱਖਵਾਦੀ ਅਤੇ ਜਮਹੂਰੀ ਰਵਾਇਤ ਨੂੰ ਬੁਲੰਦ ਕਰਨ ਵਾਲੀਆਂ ਮਿਸਾਲਾਂ ਲੈਣਾ ਜ਼ਰੂਰੀ ਹੈ ਤਾਂ ਜੋ ਸਿੱਖ ਜਨਤਾ ਨੂੰ ਫਿਰਕੂ ਸਿਆਸਤ ਦੇ ਚੁੰਗਲ ਵਿਚੋਂ ਕੱਢਿਆ ਜਾ ਸਕੇ।

## ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ (ਕੈਨੇਡਾ) ਵਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਉਹਦੇ ਸਾਥੀਆਂ ਦੀ ਯਾਦ ਵਿਚ ਕੀਤੇ ਗਏ ਸ਼ਹੀਦੀ ਸਮਾਗਮ ਦੇ ਮੌਕੇ ਤੇ ਇਪ੍ਰਾਨਾਂ ਦਾ ਭਰਾਤਰੀ ਸੁਨੇਹਾ।

### (ਇਕ ਸਿਆਸੀ ਦਸਤਾਵੇਜ਼)

ਹੇਠਲੇ ਕਾਲਮਾਂ ਵਿਚ ਅਸੀਂ ਇਸ ਸੁਨੇਹੇ ਨੂੰ ਸਮਤਾ ਦੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਵਿਦੇਸ਼ਾਂ ਵਿਚ ਬੈਠੇ ਸਾਡੇ ਸਾਥੀ ਭਾਰਤ ਵਿਚ ਵਧ ਰਹੀ ਹਿੰਦੂ ਸ਼ਾਵਨਵਾਦੀ ਫਾਸੀ ਤਾਕਤ ਬਾਰੇ ਫਿਕਰਮੰਦ ਹਨ। ਉਹਨਾਂ ਦਾ ਫਿਕਰਮੰਦ ਹੋਣਾ ਜਾਇਜ਼ ਹੈ, ਪਰ ਸਾਡੇ ਵਿਚਾਰ ਵਿਚ ਉਹਨਾਂ ਨੂੰ ਘੱਟ ਗਿਣਤੀਆਂ ਵਿਚ ਵੱਧ ਰਹੇ ਧਾਰਮਕ ਸ਼ਾਵਨਵਾਦ ਬਾਰੇ ਵੀ ਉਨਾਂ ਹੀ ਫਿਕਰਮੰਦ ਹੋਣਾ ਚਾਹੀਦਾ ਹੈ। ਹਿੰਦੂ ਸ਼ਾਵਨਵਾਦ ਵਿਰੁਧ ਘੱਟ ਗਿਣਤੀਆਂ ਦੀ ਲੜਾਈ ਜਮਹੂਰੀ ਪੈਂਤੜੇ ਤੋਂ ਹੀ ਲੜੀ ਜਾ ਸਕਦੀ ਹੈ ਨਾ ਕਿ ਉਲਟ ਸ਼ਾਵਨਵਾਦੀ ਪੈਂਤੜਾ ਅਪਣਾਕੇ। ਇਸ ਨੁਕਤੇ ਉਤੇ ਭਾਰਤ ਵਿਚ ਵੀ ਖੱਬੀ ਧਿਰ ਵਿਚ ਆਪਸੀ ਵਾਦ ਵਿਵਾਦ ਚਲ ਰਿਹਾ ਹੈ ਤਾਂ ਜੋ ਸਹੀ ਸੇਧ ਬਣਾਈ ਜਾ ਸਕੇ ਅਤੇ ਉਲਾਰਪਨ ਤੋਂ ਬਚਿਆ ਜਾ ਸਕੇ। ਹੇਠਲਾ ਦਸਤਾਵੇਜ਼ ਵੀ ਇਸ ਵਾਦ ਵਿਵਾਦ ਨੂੰ ਅਗੇ ਲਿਜਾਂਦਾ ਹੈ/ਸੰਪਾਦਕ

ਸਤਿਕਾਰਯੋਗ ਭੈਣੋ, ਭਰਾਵੋ ਤੇ ਬਜ਼ੁਰਗੋ,

ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮੰਟਨ ਦੇ ਇਸ 28 ਮਾਰਚ ਨੂੰ ਹੋ ਰਹੇ ਸਭਿਆਚਾਰਕ ਪਰੋਗਰਾਮ ਅਤੇ ਪਬਲਿਕ ਮੀਟਿੰਗ 'ਤੇ ਇਪਾਨਾ ਸਭ ਨੂੰ ਨਿੱਘਾ ਭਰਾਤਰੀ ਸੁਨੇਹਾ ਪੇਸ਼ ਕਰਦੀ ਹੈ। ਇਸ ਪਰੋਗਰਾਮ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ, ਜਦੋਂ ਕਿ ਇਹ ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਉਸਦੇ ਸਾਥੀ ਰਾਜਗੁਰੂ ਅਤੇ ਸੁਖਦੇਵ ਦੀ 56ਵੀਂ ਸ਼ਹੀਦੀ ਵਰ੍ਹੇਗੰਢ ਉੱਪਰ ਕੀਤਾ ਜਾ ਰਿਹਾ ਹੈ।

ਅੱਜ ਤੋਂ 56 ਸਾਲ ਪਹਿਲਾਂ ਭਗਤ ਸਿੰਘ ਅਤੇ ਉਸਦੇ ਸਾਥੀ ਬੜੀ ਬਹਾਦਰੀ ਨਾਲ ਫਾਂਸੀ ਦੇ ਰੱਸੇ ਨੂੰ ਚੁੰਮ ਗਏ ਅਤੇ ਸਾਡੇ ਸਮਾਜ ਅਤੇ ਲੋਕਾਂ ਲਈ ਇਕ ਮਹਾਨ ਕੁਰਬਾਨੀ ਦਿੱਤੀ। ਪਰ ਉਹਨਾਂ ਦੇ ਟੀਚੇ ਅਜੇ ਅਧੂਰੇ ਪਏ ਹਨ। ਉਹਨਾਂ ਨੇ ਸਾਮਰਾਜਵਾਦ ਵਿਰੁੱਧ ਸੰਘਰਸ਼ ਕੀਤਾ ਪਰ ਸਾਮਰਾਜਵਾਦ ਅਜੇ ਵੀ ਪੂਰੀ ਤਾਕਤ ਅਤੇ ਨਵੇਂ ਰੂਪਾਂ ਵਿਚ ਸਾਡੀ ਕੌਮ ਉੱਪਰ ਗਲਬਾ ਪਾਈ ਬੈਠਾ ਹੈ। ਅੱਜ ਭਾਰਤ ਡੂੰਘੇ ਸੰਕਟ ਵਿਚ ਫਸਿਆ ਹੋਇਆ ਹੈ। ਹਾਕਮ ਜਮਾਤਾਂ 'ਪਾੜੋ ਅਤੇ ਰਾਜ ਕਰੋ' ਦੇ ਪੁਰਾਣੇ ਦਾਅ ਪੇਚ ਉੱਪਰ ਨਿਰਭਰ ਕਰਕੇ ਭਾਰਤੀ ਲੋਕਾਂ ਵਿਚ ਫਿਰਕਾਪ੍ਰਸਤੀ ਦੀ ਜ਼ਹਿਰ ਫੈਲਾ ਰਹੀਆਂ ਹਨ। ਕਾਫੀ ਹੱਦ ਤੱਕ ਇਹਨਾਂ ਨੇ ਪੰਜਾਬ ਦੀ ਸਮੱਸਿਆ ਨੂੰ "ਸਿੱਖਾਂ ਦੀ ਸਮੱਸਿਆ" ਬਣਾ ਦਿੱਤਾ ਹੈ। ਕੌਮੀ ਏਕਤਾ ਦਾ ਫੋਕਾ ਢੰਡੋਰਾ ਪਿੱਟਕੇ ਤੇ ਇਸ ਮਸਲੇ ਨੂੰ ਮੁਲਕ ਭਰ ਵਿਚ ਹਊਆ ਬਣਾਕੇ, ਸਮੁੱਚੀ ਸਿੱਖ ਕਮਿਊਨਿਟੀ ਨੂੰ ਨਿਸ਼ਾਨਾ ਬਣਾ ਦਿੱਤਾ ਹੈ। ਜਿਸ ਕਾਰਣ ਦੇਸ਼ ਭਰ ਵਿਚ ਸਿੱਖਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾ ਰਿਹਾ ਹੈ। ਪਰ ਇਹ ਹੁਣ ਸਿੱਖਾਂ ਦਾ ਜਾਂ ਪੰਜਾਬ ਦਾ ਹੀ ਮਸਲਾ ਨਹੀਂ ਰਿਹਾ। ਇਸੇ ਨਾਲ ਰਾਸ਼ਟਰਵਾਦ ਦੇ ਨਾਂਉ ਹੇਠ ਹਿੰਦੂ ਸ਼ਾਵਨਵਾਦ ਦੀ ਅੱਗ ਭੜਕਾਉਣ ਦਾ ਮੁੱਢਲਾ ਮੰਤਵ ਪੂਰਾ ਕੀਤਾ ਜਾ ਚੁੱਕਾ ਹੈ। ਅੱਜ ਭਾਰਤ ਵਿਚ ਸਾਰੀਆਂ ਧਾਰਮਿਕ, ਖੇਤਰੀ ਅਤੇ ਭਾਸ਼ਾਈ ਘੱਟ ਗਿਣਤੀਆਂ ਉੱਪਰ ਹਮਲੇ ਹੋ ਰਹੇ ਹਨ। ਮੁਸਲਮਾਨ ਸਭ ਤੋਂ ਵੱਡੀ ਧਾਰਮਿਕ ਘੱਟ ਗਿਣਤੀ ਹੋਣ ਦੇ ਬਾਵਜੂਦ ਵੀ ਕਦੇ ਸੁਰੱਖਿਅਤ ਨਹੀਂ ਸਨ। ਅੱਜ ਇਹਨਾਂ ਦੀ ਭਾਰਤ ਵਿਚ ਹੋਂਦ ਖਤਰੇ ਵਿਚ ਹੈ। ਮਸਜਦਾਂ ਉਤੇ ਜਬਰੀ ਕਬਜ਼ੇ ਕੀਤੇ ਜਾ ਰਹੇ ਹਨ। ਉਹਨਾਂ ਦੇ ਧਾਰਮਿਕ ਜਜ਼ਬਿਆਂ ਨੂੰ ਚੈਲੰਜ ਕੀਤਾ ਜਾਂਦਾ ਹੈ। ਇਸਾਈਆਂ ਦਾ ਵੀ ਅੱਜ ਇਹੀ ਹਾਲ ਹੈ। ਹਿੰਦੂ ਮੂਲਵਾਦੀਆਂ ਦੇ ਜੱਥੇਬੰਦ ਗਰੋਹ ਚਰਚਾਂ ਨੂੰ ਅੱਗਾਂ ਲਾਉਣ ਅਤੇ 'ਸ਼ੁਧੀਕਰਣ' ਵਰਗੀਆਂ ਹਰਕਤਾਂ ਸ਼ਰ੍ਹੇਆਮ ਕਰ ਰਹੇ ਹਨ। ਅੱਜ ਖਤਰਨਾਕ ਰੂਪ ਵਿਚ ਵਧ ਰਿਹਾ ਹਿੰਦੂ ਸ਼ਾਵਨਵਾਦ, ਜਿਸਨੂੰ ਸਟੇਟ ਪਾਲਿਸੀਆਂ ਰਾਹੀਂ ਪੂਰੀ ਸ਼ਹਿ ਦਿਤੀ ਜਾ ਰਹੀ ਹੈ, ਘੱਟ ਗਿਣਤੀ ਗਰੁੱਪਾਂ ਉੱਪਰ ਖੌਫਨਾਕ ਹਥਿਆਰਬੰਦ ਅਤੇ ਜਥੇਬੰਦਕ ਤਰੀਕਿਆਂ ਨਾਲ ਅਜਿਹਾ ਦਬਾਉ ਪਾ ਰਿਹਾ ਕਿ ਉਹ ਆਪਣੇ ਆਪ ਨੂੰ ਭਾਰਤੀ ਸਿੱਧ ਕਰਨ। ਅੱਜ ਮੁਲਕ ਵਿਚ ਮੂਲਵਾਦੀ ਤਾਕਤਾਂ ਇਸ ਗੱਲ 'ਤੇ ਜ਼ੋਰ ਦੇ ਰਹੀਆਂ ਹਨ ਕਿ ਜੇਕਰ ਤੁਸੀਂ ਹਿੰਦੂ ਨਹੀਂ ਤਾਂ ਤੁਸੀਂ ਭਾਰਤੀ ਹੀ ਨਹੀਂ।

ਜਦੋਂ ਅੱਜ ਅਸੀਂ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਸ਼ਰਧਾਂਜਲੀ ਪੇਸ਼ ਕਰਨ ਲਈ ਇਕੱਠੇ ਹੋਏ ਹਾਂ, ਤਾਂ ਸਾਨੂੰ ਇਕ ਗੱਲ ਯਾਦ ਰੱਖਣੀ ਚਾਹੀਦੀ ਹੈ, ਕਿ ਅੰਗਰੇਜ਼ ਤੇ ਉਹਨਾਂ ਦੇ ਏਜੰਟ ਇਹਨਾਂ ਬਹਾਦਰ ਭਾਰਤੀਆਂ ਨੂੰ ਫਾਂਸੀ ਦੇ ਕੇ ਇਹ ਸੋਚਦੇ ਸਨ ਕਿ ਅਜਿਹਾ ਕਰਕੇ ਉਹ ਭਾਰਤੀ ਲੋਕਾਂ ਦੇ ਸੱਚੀ ਆਜ਼ਾਦੀ ਦੇ ਸੁਪਨਿਆਂ ਅਤੇ ਰੀਝਾਂ ਦਾ ਗਲਾ ਘੁੱਟ ਦੇਣਗੇ, ਪਰ ਉਹਨਾਂ ਦੀ ਸੋਚਣੀ ਗਲਤ ਸੀ। ਪਿਛਲੇ 56 ਸਾਲਾਂ ਤੋਂ ਦੇਸ਼ ਦੇ ਕੋਨੇ ਕੋਨੇ ਵਿਚ ਭਗਤ ਸਿੰਘ ਦਾ ਦਿੱਤਾ ਨਾਹਰਾ 'ਇਨ-ਕਲਾਬ ਜ਼ਿੰਦਾਬਾਦ' ਗੂੰਜ ਰਿਹਾ ਹੈ।

ਆਉ ਅੱਜ ਹਾਕਮ ਜਮਾਤਾਂ ਭਾਰਤ ਵਿਚ ਫਿਰਕਾਪ੍ਰਸਤੀ ਅਤੇ ਹਿੰਦੂ ਸ਼ਾਵਨਵਾਦ ਨੂੰ ਜੋ ਹਵਾ ਦੇ ਰਹੀਆਂ ਹਨ, ਵਿਰੁੱਧ ਮਜ਼ਬੂਤ ਜਦੋਜਹਿਦ ਕਰਨ ਦਾ ਵੀ ਪ੍ਰਣ ਕਰੀਏ।

ਅਸੀਂ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ ਨੂੰ ਵਧਾਈ ਦਿੰਦੇ ਹਾਂ ਜਿਸਨੇ ਹਮੇਸ਼ਾ ਅਪਣੇ ਕੰਮਾਂ ਨੂੰ ਭਾਰਤੀ ਲੋਕਾਂ ਦੀਆਂ ਰੀਝਾਂ ਅਤੇ ਉਹਨਾਂ ਦੇ ਘੋਲਾਂ ਨਾਲ ਜੋੜਿਆ ਹੈ। ਇਸ ਸਪੈਸ਼ਲ ਪ੍ਰੋਗਰਾਮ ਉਪਰ ਸਾਡੀ ਭਰਾਤਰੀ ਸਾਂਝ ਤੁਹਾਡੇ ਨਾਲ ਹੈ। ○○

**ਆਦਿਕਾ**

ਨਾਟਕ ਸ਼ੁਰੂ ਹੋਣ ਤੇ ਕੋਰਸ ਸਟੇਜ ਤੇ ਆਂਦਾ ਹੈ। ਉਹਨਾਂ ਵਿਚੋਂ ਇਕ ਅਗੇ ਅਗੇ ਕਵਿਤਾ ਵਾਕੁਨ ਬੋਲ ਬੋਲਦਾ ਹੈ। ਬਾਕੀ ਅਭੀਨੈ ਕਰਦੇ ਕਰਦੇ ਇਕੋ ਬੋਲ 'ਬੇਰੁਜ਼ਗਾਰ' ਦੁਹਰਾਂਦੇ ਹਨ।

ਗਲੀ ਗਲੀ ਹਨ ਫਿਰਦੇ — ਬੇਰੁਜ਼ਗਾਰ
ਸੜਕ ਸੜਕ ਹਨ ਫਿਰਦੇ — ਬੇਰੁਜ਼ਗਾਰ
ਡਿਗਰੀਆਂ ਵਾਲੇ — ਬੇਰੁਜ਼ਗਾਰ
ਬਿਨਾਂ ਡਿਗਰੀਆਂ — ਬੇਰੁਜ਼ਗਾਰ
ਸਨਅਤੀ ਕਾਮੇ — ਬੇਰੁਜ਼ਗਾਰ
ਪੇਂਡੂ ਕਿਰਤੀ — ਬੇਰੁਜ਼ਗਾਰ
ਬਹੁਤੀ ਦੁਨੀਆ — ਬੇਰੁਜ਼ਗਾਰ
ਸੜਕਾਂ ਤੇ ਆਏ — ਬੇਰੁਜ਼ਗਾਰ
ਬੇਰੁਜ਼ਗਾਰ, ਬੇਰੁਜ਼ਗਾਰ, ਬੇਰੁਜ਼ਗਾਰ

(ਪੁਲਸ ਵਾਲਾ ਆਂਦਾ ਹੈ, ਉਹਦੇ ਹੱਥ ਵਿਚ ਕਾਨੂੰਨ ਦਾ ਡੰਡਾ ਹੈ, ਉਹ ਬੜਾ ਆਕੜ ਕੇ ਤੁਰਦਾ ਹੈ। ਕੋਰਸ ਉਤੇ ਆ ਕੇ ਰੁਅਬ ਪਾਂਦਾ ਹੈ।)

ਪੁਲਸ : ਕੀ ਪਾਈ ਜੇ ਖੱਪ, ਪਤਾ ਨਹੀਂ ਦਫਾ ਚੁਤਾਲੀ ਗਈ ਏ ਲੱਗ।

ਕੋਰਸ 1 : ਰੁਜ਼ਗਾਰ ਚਾਹੀਦਾ ਹੈ।

ਕੋਰਸ 2 : ਇਹ ਹੈ ਸਾਡੀ ਮੰਗ।

ਕੋਰਸ 3 : ਇਹ ਹੈ ਸਾਡਾ ਹੱਕ।

ਪੁਲਸ : (ਨਕਲ ਲਗਾ ਕੇ) ਰੁਜ਼ਗਾਰ ਚਾਹੀਦਾ ਹੈ, ਇਹ ਹੈ ਸਾਡੀ ਮੰਗ, ਇਹ ਹੈ ਸਾਡਾ ਹੱਕ। ਪਰ੍ਹਾਂ ਹਟੋ ਵੇਖੋ ਆ ਰਹੀ ਹੈ ਸਰਕਾਰ, ਰਸਤਾ ਸਾਫ ਕਰੋ, ਪਧਾਰ ਰਹੀ ਹੈ ਸਰਕਾਰ।

(ਸਰਕਾਰ ਆਪਣੇ ਅੰਦਾਜ਼ ਵਿਚ ਆਂਦੀ ਹੈ।)

ਸਰਕਾਰ : ਹਵਾਲਦਾਰ

ਪੁਲਸ : ਜੀ ਸਰਕਾਰ

ਸਰਕਾਰ : ਕੀ ਏ ਸਾਰੀ ਖੱਪ, ਕੀ ਕੋਈ ਅੱਗ ਗਈ ਏ ਲੱਗ?

ਪੁਲਸ : ਜੀ ਇਹਨਾਂ ਨੂੰ ਰੁਜ਼ਗਾਰ ਚਾਹੀਦਾ ਏ, ਇਹ ਹੈ ਇਹਨਾਂ ਦੀ ਮੰਗ, ਇਹ ਹੈ ਇਹਨਾਂ ਦਾ ਹੱਕ।

ਸਰਕਾਰ : ਵੇਖੋ ਬਰਖੁਰਦਾਰ, (ਕੋਰਸ ਸਰਕਾਰ ਨੇੜੇ ਆ ਜਾਂਦਾ ਹੈ)

ਪੁਲਸ : ਸੁਣੋ ਕੀ ਕਹਿੰਦੀ ਹੈ ਸਰਕਾਰ,

ਸਰਕਾਰ : ਆਬਾਦੀ ਗਈ ਏ ਵਧ; ਨੌਕਰੀਆਂ ਗਈਆਂ ਨੇ ਘਟ; ਨੌਕਰੀਆਂ ਗਈਆਂ ਨੇ ਘਟ, ਇਸ ਲਈ ਬੇਰੁਜ਼ਗਾਰੀ ਗਈ ਏ ਵਧ/ਇਹ ਸਿਧੀ ਜਹੀ ਗੱਲ ਹੈ, ਸਰਕਾਰ ਦੇ ਨਹੀਂ ਕੁਝ ਵੱਸ।

ਪੁਲਸ : ਹਾਂ—ਅਬਾਦੀ ਗਈ ਏ ਵਧ—ਨੌਕਰੀਆਂ ਗਈਆਂ ਨੇ ਘਟ।

(ਉਹਨਾਂ ਨੂੰ ਪਿਛੇ ਧੱਕਦੇ ਹੋਏ)

ਪਾਵੋ ਨਾ ਬਹੁਤੀ ਖੱਪ, ਚਲੋ ਆਪਣੇ ਘਰ, ਦਫਾ ਚੁਤਾਲੀ ਗਈ ਏ ਲੱਗ।

ਕੋਰਸ 1 : (ਅਗੇ ਆ ਕੇ) ਸਰਕਾਰ ਮੈਨੂੰ ਨੌਕਰੀ ਦੇਵੇ, ਮੇਰੇ ਕੋਲ ਡਿਗਰੀ ਏ।

ਸਰਕਾਰ : ਪਲਾਨਾਂ ਅਸੀਂ ਬਣਾ ਰਹੇ ਹਾਂ, ਨੌਕਰੀਆਂ ਅਸੀਂ ਵਧਾ ਰਹੇ ਹਾਂ।

ਕੋਰਸ 1 : ਪਰ...

ਪੁਲਸ : ਚੁੱਪ-ਆਬਾਦੀ ਗਈ ਏ ਵਧ, ਨੌਕਰੀਆਂ ਗਈਆਂ ਨੇ ਘੁੱਟ......

ਕੋਰਸ 2 : ਸਰਕਾਰ ਮੈਨੂੰ ਨੌਕਰੀ ਦੇਵੇ, ਮੇਰੇ ਕੋਲ ਡਿਗਰੀ ਨਹੀਂ।

ਸਰਕਾਰ : ਡਿਗਰੀ ਦੇਣ ਦਾ ਇੰਤਜ਼ਾਮ ਕਰ ਰਹੇ ਹਾਂ; ਕਾਲਜ ਹੋਰ ਖੋਲ੍ਹ ਰਹੇ ਹਾਂ।

ਕੋਰਸ 2 : ਪਰ...

ਪੁਲਸ : ਚੁੱਪ-ਆਬਾਦੀ ਗਈ ਏ ਵਧ, ਨੌਕਰੀਆਂ ਗਈਆਂ ਨੇ ਘਟ......

ਕੋਰਸ 3 : ਸਰਕਾਰ ਮੈਨੂੰ ਨੌਕਰੀ ਦੇਵੇ, ਮੈਂ ਕਾਰੀਗਰ ਹਾਂ, ਹੱਥੀਂ ਕੰਮ ਕਰਨ ਵਾਲਾ ਹਾਂ।

ਸਰਕਾਰ : ਹੱਥੀਂ ਕੰਮ ਕਰਨ ਵਾਲਿਆਂ ਦੀ ਦੇਸ਼ ਨੂੰ ਲੋੜ ਹੈ, ਉਹਨਾਂ ਦੇ ਹੱਥ ਵਿਚ ਤਰੱਕੀ ਦੀ ਡੋਰ ਹੈ।

ਪੁਲਸ : ਹਾਂ, ਤਰੱਕੀ ਦੀ ਡੋਰ ਹੈ।

ਕੋਰਸ 3 : ਪਰ......

ਪੁਲਸ : ਚੁੱਪ-ਆਬਾਦੀ ਗਈ ਏ ਵਧ, ਨੌਕਰੀਆਂ ਗਈਆਂ ਨੇ ਘਟ,.....

ਕੋਰਸ (ਇਕੱਠੇ) ਸਾਡੇ ਕੋਲ ਕੰਮ ਨਹੀਂ।

ਪੁਲਸ : ਕੰਮ ਨਹੀਂ ਤਾਂ ਘਰ ਬੈਠੋ, ਧੁੱਪ ਸੇਕੋ, ਗੱਪਾਂ ਮਾਰੋ, ਕ੍ਰਿਕਟ ਦਾ ਮੈਚ ਦੇਖੋ, ਇਹਨਾਂ ਨੂੰ ਤੰਗ ਨਾ ਕਰੋ, ਇਹਨਾਂ ਕੋਲ ਬੜੇ ਕੰਮ ਨੇ ਕਰਨ ਵਾਲੇ, ਨੀਂਹ ਪੱਥਰ ਬੜੇ ਨੇ ਧਰਨ ਵਾਲੇ।

ਸਰਕਾਰ : ਹਾਂ ਬਈ ਨੀਂਹ ਪੱਥਰ ਬੜੇ ਨੇ ਧਰਨ ਵਾਲੇ, ਕੰਮ ਬੜੇ ਨੇ ਕਰਨ ਵਾਲੇ। ਅਫਰੀਕਾ ਦਾ ਮਸਲਾ ਅਸੀਂ ਹੱਲ ਕਰਨਾ ਹੈ, ਗੋਰੇ ਕਾਲੇ ਦਾ ਵਿਤਕਰਾ ਅਸੀਂ ਦੂਰ ਕਰਨਾ ਹੈ, ਲੈਬਨਾਨ ਵਾਲੇ ਸਾਡਾ ਰਾਹ

ਦੇਖ ਰਹੇ ਨੇ, ਇਰਾਨ ਵਾਲੇ ਸਾਨੂੰ ਬੁਲਾ ਰਹੇ ਨੇ, ਸਾਡੇ ਕੋਲ ਆਸਾਮ ਲਈ ਵਕਤ ਨਹੀਂ, ਅਸੀਂ ਰੁੱਝੇ ਹੋਏ ਹਾਂ, ਪੰਜਾਬ ਸਾਡੇ ਸਿਰ ਤੇ ਹੈ ਫਿਕਰਾਂ ਚ' ਅਸੀਂ ਰੁੱਝੇ ਹੋਏ ਹਾਂ ।

ਪੁਲਸ : ਹਾਂ ਇਹ ਬੜੇ ਰੁਝੇ ਹੋਏ ਨੇ, ਫਿਕਰਾਂ ਵਿਚ ਡੁੱਬੇ ਹੋਏ ਨੇ, ਤੁਹਾਡੇ ਵਾਕੁਨ ਬੇਕਾਰ ਨਹੀਂ ਇਹਨਾਂ ਕੋਲ ਬੜਾ ਕੰਮ ਏ ਕਰਨ ਵਾਲਾ, ਤੁਹਾਡਾ ਵਾਕੁਨ ਬੇਰੁਜ਼ਗਾਰ ਨਹੀਂ ।

(ਡੰਡੇ ਨਾਲ ਪਿਛੇ ਧੱਕਦਾ ਹੈ)

ਹੁਣ ਫੁਟੋ ਆਪਣੇ ਘਰ, ਆਬਾਦੀ ਗਈ ਏ ਵਧ .....

(ਕੋਰਸ ਇਹ ਰੌਲਾ ਪਾਂਦਾ ਹੈ-ਸਾਨੂੰ ਕੰਮ ਚਾਹੀਦਾ ਹੈ, ਪੁਲਸ ਉਹਨਾਂ ਨੂੰ ਪਿਛੇ ਧੱਕ ਦੇਂਦੀ ਹੈ ।

ਸਰਕਾਰ : (ਤੰਨਜ਼ੀਆ) ਹੂੰ ਇਹਨਾਂ ਨੂੰ ਕੰਮ ਦਿਉ, ਗਵਾਰ ਕਿਸੇ ਥਾਂ ਦੇ ।

ਪੁਲਸ : ਹਾਂ ਜੀ ਇਹ ਨੇ ਪੂਰੇ ਗਵਾਰ, ਇਹਨਾਂ ਨੂੰ ਨਹੀਂ ਪਤਾ, ਕਿਸ ਤਰ੍ਹਾਂ ਚੱਲਦੀ ਹੈ ਸਰਕਾਰ (ਸਰਕਾਰ ਕਈ ਚਾਲਾਂ ਚਲਦੀ ਹੈ-ਆਕੜ ਵਾਲੀ, ਨਜ਼ਾਕਤ ਵਾਲੀ, ਵੱਲ ਵਲੇਵੇਂ ਵਾਲੀ, ਖੁਸ਼ੀ ਵਾਲੀ, ਸੰਕਟ ਵਾਲੀ)

ਪੁਲਸ : ਬੜੀਆਂ ਚਾਲਾਂ ਚਲਦੀ ਏ ਸਰਕਾਰ ਤਾਹੀਓਂ ਤਾਂ ਚਲਦੀ ਏ ਸਰਕਾਰ / ਜਦੋਂ ਭਜਦੀ ਹੈ ਸਰਕਾਰ ਤਾਂ ਚੱਲਦੀ ਹੈ ਸਾਡੀ ਸਰਕਾਰ

(ਬਾਹਰ ਜਾਂਦਾ ਹੈ)

ਕੋਰਸ : ਰੌਲਾ ਪਾਉਂਦੇ-ਬੇਰੁਜ਼ਗਾਰ, ਡੰਡੇ ਖਾਂਦੇ ਬੇਰੁਜ਼ਗਾਰ ਪੜ੍ਹਦੇ ਨੌਕਰੀਆਂ ਦੇ ਇਸ਼ਤਿਹਾਰ-ਬੇਰੁਜ਼ਗਾਰ, ਦੇਂਦੇ ਦਫਤਰਾਂ ਵਿਚ ਅਰਜ਼ੀਆਂ-ਬੇਰੁਜ਼ਗਾਰ, ਜਾਂਦੇ ਇੰਟਰ-ਵਿਊਆਂ ਤੇ-ਬੇਰੁਜ਼ਗਾਰ, ਬੇਰੁਜ਼ਗਾਰ, ਬੇਰੁਜ਼ਗਾਰ, ਬੇਰੁਜ਼ਗਾਰ ।

ਕੋਰਸ ਜਦੋਂ ਗਾ ਰਿਹਾ ਹੈ, ਇਸੇ ਦਰਮਿਆਨ ਇਕ ਮੇਜ਼ ਤੇ ਕੁਰਸੀ ਰਖ ਦਿਤੇ ਜਾਂਦੇ ਹਨ। ਇਕ ਅਫਸਰ ਕੁਰਸੀ ਤੇ ਆਕੇ ਬੈਠ ਜਾਂਦਾ ਹੈ ਤੇ ਚਪੜਾਸੀ ਨੂੰ ਸੰਬੋਧਨ ਹੁੰਦਾ ਹੈ ।

ਅਫਸਰ : ਰਾਮ ਲਾਲ ਕਿੰਨੇ ਹਨ ਉਮੀਦਵਾਰ ।

ਚਪੜਾਸੀ : ਜੀ ਵੀਹ ਦੇ ਕਰੀਬ ਨੇ ਬਾਹਰ

ਅਫਸਰ : ਫੇਰ ਭੇਜਦੇ ਵਾਰੋਵਾਰ

ਚਪੜਾਸੀ : ਜੀ ਮੇਰੀ ਸਰਕਾਰ

(ਆਵਾਜ਼ ਦੇ ਕੇ)

ਇਕ ਨੰਬਰ ਵਾਲਾ ਆ ਜਾਏ ਬਰਖੁਰਦਾਰ

ਅਫਸਰ : ਤੂੰ ਕ੍ਰਿਪਾ ਕਰਕੇ ਹੋ ਜਾ ਬਾਹਰ

ਚਪੜਾਸੀ : (ਭੈੜਾ ਮੂੰਹ ਬਣਾਕੇ) ਜੀ ਮੇਰੀ ਸਰਕਾਰ

(ਇਕ ਉਮੀਦਵਾਰ ਆਂਦਾ ਹੈ)

ਅਫਸਰ : ਬਈ ਕੀ ਨਾਂ ਏ ਤੇਰਾ

ਨੌਜਵਾਨ : ਜੀ ਕ੍ਰਿਸ਼ਨ ਕੁਮਾਰ ਵਧੇਰਾ

ਅਫਸਰ : (ਮੁਸਕਰਾਕੇ) ਹੈ ਤਾਂ ਤੂੰ ਛੋਟਾ ਜਿਹਾ, ਪਰ ਨਾਂ ਤੇਰਾ ਹੈ ਵਧੇਰਾ, ਇਹ ਕੀ ਹੈ ਬਖੇੜਾ ?

ਨੌਜਵਾਨ : ਜੀ ਇਥੇ ਜੋ ਵਧੇਰੇ ਨੇ, ਉਹ ਛੁਟੇਰੇ ਨੇ,
ਤੇ ਜਿਹੜੇ ਛੁਟੇਰੇ ਨੇ, ਉਹ ਵਧੇਰੇ ਨੇ,
ਉਲਟਾ ਇਸ ਦੇਸ਼ ਦਾ ਸਿਧਾਂਤ ਹੈ,
ਇਹੀ ਇਥੋਂ ਦਾ ਦੁਖਾਂਤ ਹੈ

ਅਫਸਰ : ਕੀ ਮਤਲਬ ?

ਨੌਜਵਾਨ : ਮਤਲਬ ਤਾਂ ਪਿਛੋਂ ਦਸਾਂਗਾ ਜਨਾਬ, ਪਹਿਲੇ
ਇਹ ਦਸੋ ਜਿਸ ਨੌਕਰੀ ਲਈ ਦਿਤਾ ਹੈ ਇਸ਼ਤਿਹਾਰ,
ਕੀ ਵਾਕਈ ਉਹ ਖਾਲੀ ਹੈ ਸਰਕਾਰ,
ਜਾਂ ਖਾਨਾਪੁਰ ਕਰਨ ਲਈ ਇਹ ਅਡੰਬਰ ਰਚਾਇਆ
ਹੈ ਸਾਨੂੰ ਖਾਹਮਖਾਹ ਇਥੇ ਬੁਲਾਇਆ ਹੈ ।

ਅਫਸਰ : ਤੂੰ ਕਹਿਣਾ ਕੀ ਚਾਹੁੰਦਾਂ ਏਂ ਬਰਖੁਰਦਾਰ।
ਲਗਦੈ ਤੂੰ ਏਂ ਕਾਫੀ ਸਮਝਦਾਰ ।

ਨੌਜਵਾਨ : ਗੱਲ ਇਸ ਤਰ੍ਹਾਂ ਹੈ ਜਨਾਬ ਮੈਂ ਹੋਇਆ ਹਾਂ
ਕਾਫੀ ਖਰਾਬ, ਮੇਰੀ ਇਹ ਅੱਠਵੀਂ ਇੰਟਰਵੀਊ ਏ,
ਸਮਝ ਗਿਆ ਹਾਂ, ਇਹ ਸਾਰਾ ਕੀ ਚੱਕਰਵੀਊ ਏ,
ਅਸੀਂ ਉਮੀਦਵਾਰ ਕਿਰਾਯਾ ਖਰਚਕੇ ਆਂਦੇ ਹਾਂ
ਝੂਠੀ ਉਮੀਦ ਨੌਕਰੀ ਦੀ ਲਾਂਦੇ ਹਾਂ
ਪਤਾ ਲਗਦਾ ਹੈ, ਆਸਾਮੀ ਲਈ ਬੰਦਾ ਪਹਿਲੇ ਚੁਣਿਆ ਹੁੰਦਾ ਹੈ ।)
ਹਰ ਇਕ ਨੇ ਉਹਦਾ ਨਾਂ ਸੁਣਿਆ ਹੁੰਦਾ ਹੈ,
ਨਿਯਮ ਮੰਗ ਕਰਦੇ ਨੇ ਨੌਕਰੀ ਖੁਲ੍ਹੇ, ਮੁਕਾਬਲੇ ਵਿਚ ਭਰੀ ਜਾਏ, ਕਾਗਜ਼ੀ ਕਾਰਵਾਈ ਹਰ ਤਰ੍ਹਾਂ ਪੂਰੀ ਕਰੀ ਜਾਏ, ਇਸ ਲਈ ਇੰਟਰਵੀਊ ਦਾ ਢੌਂਗ ਰਚਾਇਆ ਜਾਂਦਾ ਹੈ, ਸਾਨੂੰ ਬੇਰੁਜ਼ਗਾਰਾਂ ਨੂੰ ਥਾਮਖਾਹ ਏਧਰ ਉਧਰ ਨਚਾਇਆ ਜਾਂਦਾ ਹੈ ।

ਅਫਸਰ : ਤੇਰੀ ਸਾਫਗੋਈ ਮੈਨੂੰ ਪਸੰਦ ਹੈ, ਪਰ ਇਹਦਾ ਮੇਰੀ ਪਹਿਲੀ ਗੱਲ ਨਾਲ ਕੀ ਸੰਬੰਧ ਹੈ ?

ਨੌਜਵਾਨ : ਬੜਾ ਸਬੰਧ ਹੈ। ਤੁਹਾਡੇ ਸਾਡੇ ਦਰਮਿਆਨ ਭਰਮ ਦੀ ਇਕ ਕੰਧ ਹੈ । ਨੌਕਰੀ ਜੇ ਖਾਲੀ ਹੈ ਤਾਂ ਹਲੀਮੀ ਨਾਲ ਪੇਸ਼ ਆਵਾਂਗਾ, ਪਰ ਨੌਕਰੀ ਜੇ ਖਾਲੀ ਨਹੀਂ ਤਾਂ ਫੇਰ ਤੁਹਾਨੂੰ ਸਿਧੀਆਂ ਸੁਣਾਵਾਂਗਾ ।

ਅਫਸਰ : ਬੜਾ ਮੂੰਹ-ਫੱਟ ਏਂ, ਜੋ ਮੂੰਹ ਆਉਂਦਾ ਕਹਿੰਦਾ ਝੱਟ ਏਂ, ਗੱਲ ਤੇਰੀ ਕੁਝ ਕੁਝ ਸੱਚੀ ਏ,
ਕਾਫੀ ਹੱਦ ਤਕ ਮੈਨੂੰ ਜੱਚੀ ਏ ।

ਨੌਜਵਾਨ : ਫੇਰ ਮੈਂ ਸਮਝ ਲਵਾਂ, ਨੌਕਰੀ ਮੈਨੂੰ ਮਿਲੇਗੀ;
ਭਾਵੇਂ ਪੱਕੀ ਏ, ਭਾਵੇਂ ਕੱਚੀ ਏ ।

ਅਫਸਰ : ਤੂੰ ਤਾਂ ਹੱਦ ਕਰਦਾ ਏਂ, ਗੱਲ ਮੂੰਹੋਂ ਫੜਦਾ

ਏ । ਪਰ ਨੌਕਰੀ ਦੇਣੀ ਮੇਰੇ ਵਸ ਨਹੀਂ, ਖੱਟ ਸਕਦਾ ਮੈਂ ਕੋਈ ਜੱਸ ਨਹੀਂ। ਵਜ਼ੀਰ ਸਾਹਿਬ ਨੇ ਟੈਲੀਫ਼ੂਨ ਖੜਕਾਇਆ ਹੈ, ਬੰਦਾ ਅਪਣਾ ਉਹਨਾਂ ਇਕ ਭਿਜਵਾਇਆ ਹੈ।

ਨੌਜਵਾਨ : ਪਰ ਤੁਸੀਂ ਹੋ ਕੁਰਸੀ ਦੇ ਮਾਲਕ, ਕਈਆਂ ਦੇ ਬਣ ਸਕਦੇ ਹੋ ਪਾਲਕ। ਜ਼ਮੀਰ ਦੀ ਗੱਲ ਸੁਣ ਸਕਦੇ ਹੋ। ਮੇਰੇ ਵਰਗੇ ਲੋੜਵੰਦ ਬੰਦੇ ਨੂੰ ਚੁਣ ਸਕਦੇ ਹੋ।

ਅਫਸਰ : ਮੈਂ ਮਜਬੂਰ ਹਾਂ ਬਰਖੁਦਾਰ, ਤੈਨੂੰ ਨੀਂ ਪਤਾ ਕਿਸ ਤਰ੍ਹਾਂ ਚਲਦੀ ਹੈ ਸਰਕਾਰ।

ਨੌਜਵਾਨ : ਜਾਣਦਾ ਹਾਂ ਜਨਾਬ, ਕਿਉਂ ਹੈ ਇਥੋਂ ਖਾਨਾ ਖਰਾਬ, ਭੈੜੀ ਚਲਦੀ ਹੈ ਸਰਕਾਰ, ਏਸੇ ਲਈ ਦੇਸ਼ 'ਚ ਚਾਰ ਕ੍ਰੋੜ ਨੇ ਬੇਕਾਰ, ਉਂਝ ਆਖਣ ਨੂੰ ਹੈ ਜਮਹੂਰੀ-ਅਤ, ਸਮਾਜਵਾਦ, ਲੋਕਰਾਜ, ਪਰ ਅਸਲ ਵਿਚ ਹੈ ਭ੍ਰਿਸ਼ਟਾਚਾਰ, ਚਾਚਾ ਤਾਇਆ, ਭਾਈ ਭਤੀਜਾਵਾਦ। ਏਥੇ ਜੋ ਵਧੇਰੇ ਨੇ ਉਹ ਛੁਟੇਰੇ ਨੇ, ਜੋ ਛੁਟੇਰੇ ਨੇ ਉਹ ਵਧੇਰੇ ਨੇ। ਉਲਟ ਹੈ ਸਭ ਸਿਧਾਂਤ, ਇਹੀ ਹੈ ਇਸ ਦੇਸ਼ ਦਾ ਦੁਖਾਂਤ (ਜਾਂਦੇ ਹੋਏ) ਬਸ ਗੱਲ ਰਖਣੀ ਯਾਦ, ਮੇਰੇ ਨਾਲ ਤੁਸੀਂ ਕੀਤਾ ਨਹੀਂ ਇਨਸਾਫ। (ਜਾਂਦਾ ਹੈ)

ਅਫਸਰ : (ਲਾਜਵਾਬ ਹੋ ਕੇ, ਥੋੜੇ ਵਕਫੇ ਬਾਅਦ) ਚਪੜਾਸੀ, ਚਪੜਾਸੀ, ਚਪੜਾਸੀ

ਚਪੜਾਸੀ—ਆਇਆ ਜਨਾਬ, (ਹੌਲੇ ਜਿਹੇ) ਹੁਣ ਮੈਨੂੰ ਲਾਓ ਫਾਂਸੀ।

ਅਫਸਰ—ਬਾਹਰ ਜਿੰਨੇ ਬੈਠੇ ਨੇ ਉਮੀਦਵਾਰ, ਹੁਣ ਉਹ ਹੋ ਜਾਣ ਨਾਉਮੀਦਵਾਰ, ਇੰਟਰਵੀਊ ਹੋਰ ਚਲਣੀ ਨਹੀਂ, ਬੇਜ਼ਤੀ ਹੋਰ ਮੈਂ ਝਲਣੀ ਨਹੀਂ।

ਚਪੜਾਸੀ : ਜੀ ਤੁਸੀਂ ਆਪ ਬਾਹਰ ਆਓ, ਉਹਨਾਂ ਨੂੰ ਸਾਰੀ ਗੱਲ ਸਮਝਾਓ, ਉਹ ਅਗੇ ਹੀ ਨੇ ਬੜੇ ਔਖੇ, ਮੇਰੇ ਕੋਲੋਂ ਨਹੀਂ ਹੋਣੇ ਸੌਖੇ। ਗਲੋਂ ਫੜ ਲਿਆ ਜੇ ਚਪੜਾਸੀ, ਗ਼ਰੀਬ ਕਿਹੜੀ ਮਾਂ ਨੂੰ ਕਹੇਗਾ ਮਾਸੀ।

ਬਾਹਰੋਂ ਆਵਾਜ਼ਾਂ : ਭ੍ਰਿਸ਼ਟਾਚਾਰੀ ਮੁਰਦਾਬਾਦ, ਹੇਰਾ-ਫੇਰੀ ਮੁਰਦਾਬਾਦ ! ਅਫਸਰ ਤੇ ਚਪੜਾਸੀ ਘਬਰਾਂਦੇ ਹਨ ਤੇ ਇਸ ਘਬਰਾਹਟ ਵਿਚ ਬਾਹਰ ਜਾਂਦੇ ਹਨ।

ਕੋਰਸ : ਰੋਹ ਵਿਚ ਆਉਂਦੇ—ਬੇਰੁਜ਼ਗਾਰ
ਗਾਲ੍ਹਾਂ ਕੱਢਦੇ—ਬੇਰੁਜ਼ਗਾਰ
ਗੁੱਸਾ ਥੁੱਕਦੇ—ਬੇਰੁਜ਼ਗਾਰ
ਪਰ ਆਖਰ ਬੇਵੱਸ ਹੁੰਦੇ—ਬੇਰੁਜ਼ਗਾਰ
ਅਗਲੇ ਮੌਕੇ ਦੀ ਉਡੀਕ ਕਰਦੇ—ਬੇਰੁਜ਼ਗਾਰ

(ਦੋ ਪਾਤਰ ਮੰਚ ਤੇ ਆਂਦੇ ਹਨ। ਇਹ ਸਫੈਦੀ ਕਰਨ ਵਾਲੇ ਮਜ਼ਦੂਰ ਹਨ, ਜੋ ਆਮ ਸ਼ਹਿਰ ਦੇ ਚੌਕਾਂ ਵਿਚ ਬੈਠੇ ਹੁੰਦੇ ਹਨ, ਇਹਨਾਂ ਦੇ ਹੱਥ ਵਿਚ ਡੱਬੇ ਤੇ ਸਫੈਦੀ ਕਰਨ-ਵਾਲੀਆਂ ਕੂਚੀਆਂ ਹਨ)

ਇਕ ਹੱਥ ਕੂਚੀ ਇਕ ਹੱਥ ਡੱਬਾ, ਇਹੋ ਸਾਡੇ ਸਾਜ਼
ਢਿੱਡ ਵਜਾਈਏ, ਡੱਬਾ ਵਜਾਈਏ,
ਗਾਈਏ ਭੁੱਖ ਦਾ ਰਾਗ
ਸਵੇਰ ਦੇ ਬੈਠੇ ਚੌਕ ਵਿਚਕਾਰ
ਸਾਨੂੰ ਗਾਹਕ ਦੀ ਹੈ ਇੰਤਜ਼ਾਰ
ਗਾਹਕ ਤੇ ਕੋਈ ਆਂਦਾ ਨਹੀਂ
ਦਿਹਾੜੀ ਕੰਮ ਤੇ ਲਾਂਦਾ ਨਹੀਂ
ਟੁੱਟ ਟੁੱਟ ਜਾਵੇ ਆਸ
ਇਕ ਹੱਥ ਕੂਚੀ ਇਕ ਹੱਥ ਡੱਬਾ ਇਹੋ ਸਾਡੇ ਸਾਜ਼
ਢਿੱਡ ਵਜਾਈਏ, ਡੱਬਾ ਵਜਾਈਏ,
ਗਾਈਏ ਬੇਰੁਜ਼ਗਾਰੀ ਦਾ ਰਾਗ
ਦੇਸ਼ ਤਰੱਕੀ ਕਰ ਗਿਆ ਹੈ
ਬੜਾ ਕੁਝ ਇਥੇ ਬਣ ਗਿਆ ਹੈ
ਟੀ. ਵੀ. ਭਾਵੇਂ ਚਲ ਰਿਹਾ ਹੈ
ਪਰ ਗਰੀਬ ਤਾਂ ਇਥੇ ਮਰ ਰਿਹਾ ਹੈ
ਕੌਣ ਕਰੇ ਇਸ ਦੇਸ਼ ਤੇ ਨਾਜ਼
ਇਕ ਹੱਥ ਕੂਚੀ, ਇਕ ਹੱਥ ਡੱਬਾ, ਇਹੋ ਸਾਡੇ ਸਾਜ਼
ਢਿੱਡ ਵਜਾਈਏ, ਡੱਬਾ ਵਜਾਈਏ,
ਗਾਈਏ ਬੇਰੁਜ਼ਗਾਰੀ ਦਾ ਰਾਗ
ਸਫੈਦੀ ਕਰੀਏ, ਰੌਸ਼ਨ ਕਰੀਏ
ਲੋਕਾਂ ਦੇ ਘਰ ਰੌਸ਼ਨ ਕਰੀਏ
ਪਰ ਆਪ ਹਨੇਰੇ ਵਿਚ ਰਹੀਏ
ਇਹ ਹੈ ਸਾਡੀ ਜ਼ਿੰਦਗੀ ਦਾ ਰਾਜ਼
ਆ ਰਿਹਾ ਏ ਬਾਬੂ, ਇਧਰ ਉਧਰ ਝਾਕ ਰਿਹਾ ਏ ਬਾਬੂ
ਗਾਹਕ ਹੀ ਲਗਦੇ ਇਹ ਬਾਬੂ
ਤਾਹੀਓਂ ਤਾਂ ਏਧਰ ਆ ਰਿਹਾ ਏ ਬਾਬੂ
ਕੁਝ ਕੁਝ ਬਣ ਗਈ ਏ ਆਸ
ਇਕ ਹੱਥ ਕੂਚੀ, ਇਕ ਹੱਥ ਡੱਬਾ, ਇਹੋ ਸਾਡੇ ਸਾਜ਼
ਢਿੱਡ ਵਜਾਈਏ, ਡੱਬਾ ਵਜਾਈਏ,
ਗਾਈਏ ਬੇਰੁਜ਼ਗਾਰੀ ਦਾ ਰਾਗ

(ਬਾਬੂ ਨੇੜੇ ਆਂਦਾ ਹੈ, ਉਹਨਾਂ ਦੇ ਗੀਤ ਦੀ ਲੈਅ ਤੇਜ਼ ਹੁੰਦੀ ਹੈ, ਜੋ ਇਕ ਉਮੀਦ ਦਾ ਚਿੰਨ੍ਹ ਹੈ)

ਬਾਬੂ : ਮੈਂ ਇਕ ਕਮਰੇ ਦੀ ਸਫੈਦੀ ਕਰਵਾਉਣੀ ਹੈ। ਦਿੱਖ ਉਹਦੀ ਚੰਗੀ ਬਣਾਉਣੀ ਹੈ। ਕੌਣ ਜਾਏਗਾ ਤੇ ਪਹਿਲੋ ਹੀ ਦਸੋ ਕੀ ਲਏਗਾ ?

ਇਕ : ਬਾਬੂ ਜੀ ਦਿਹਾੜੀ ਤੇ ਅਸੀਂ ਜਾਣਾ ਹੈ

ਦੋ :ਘਰ-ਤੁਹਾਡਾ ਲਿਸ਼ਕਾਣਾ ਹੈ
ਇਕ : ਇਕ ਕਮਰਾ ਕਰਵਾਓ, ਦੋ ਕਰਵਾਓ ।
ਦੋ : ਰਸੋਈ ਕਰਵਾਓ, ਗੁਸਲਖਾਨਾ ਕਰਵਾਓ ।
ਇਕ : 25 ਰੁਪਏ ਸਾਡੀ ਦਿਹਾੜੀ ਹੈ ।
ਦੋ : ਇਸ ਤੋਂ ਘੱਟ ਅਸੀਂ ਨਹੀਂ ਜਾਣਾ ਹੈ ।
ਬਾਬੂ : ਮੈਂ ਇਕ ਟੁੱਟਾ ਫੁੱਟਾ ਕਲਰਕ ਹਾਂ, ਗੁਜ਼ਾਰਾ ਕਿਵੇਂ ਚਲੇ, ਇਸ ਫਿਕਰ ਵਿਚ ਗਰਕ ਹਾਂ । ਇਕ ਕਮਰਾ ਰਹਿਣ ਲਈ ਲਿਆ ਹੈ, ਮਸਾਂ ਹੀ ਕਿਰਾਇਆ ਚੁਕਾਇਆ ਹੈ । ਦੂਜਾ ਕਮਰਾ ਨਹੀਂ, ਰਸੋਈ ਨਹੀਂ, ਗੁਸਲਖਾਨਾ ਨਹੀਂ, ਵਾਧੂ ਝੰਜਟ ਮੈਂ ਪਾਣਾ ਨਹੀਂ, ਇਕ ਕਮਰੇ ਦੀ ਸਫੇਦੀ ਕਰਾਉਣੀ ਹੈ, ਫਾਹੀ ਹੋਰ ਨਾ ਕੋਈ ਪਾਉਣੀ ਹੈ, ਕੌਣ ਜਾਏਗਾ, ਪਹਿਲੇ ਹੀ ਦਸੇ ਕੀ ਲਏਗਾ ?
ਇਕ : ਤੁਸੀਂ ਹੀ ਦਸੋ ਕੀ ਦਿਉਗੇ ?
ਦੋ : ਮੁਲ ਸਾਡੀ ਮੇਹਨਤ ਦਾ ਕੀ ਪਾਉਗੇ ?
ਬਾਬੂ : ਦੋ ਘੰਟੇ ਦਾ ਕੰਮ ਹੈ ਇਹ, ਇਸ ਤੋਂ ਨਾ ਵੱਧ ਹੈ ਇਹ । ਪੰਜ ਰੁਪਏ ਮਜ਼ੂਰੀ ਦੇਵਾਂਗਾ, ਨਾਲੇ ਕਲੀ ਦੇਵਾਂਗਾ, ਨਾਲੇ ਨੀਲ ਦੇਵਾਂਗਾ । ਰਸਦ ਸਾਰੀ ਪੂਰੀ ਦੇਵਾਂਗਾ ।
ਇਕ : ਪੰਜਾਂ ਵਿਚ ਅੱਜ ਕੱਲ ਮੱਛਰ ਨਹੀਂ ਮਰਦਾ, ਮੱਖੀ ਨਹੀਂ ਮਰਦੀ ।
ਦੋ : ਰੋਟੀ ਇਕ ਡੰਗ ਦੀ ਵੀ ਨਹੀਂ ਚਲਦੀ ।
ਬਾਬੂ : ਮੱਖੀ ਮਾਰਨੀ ਨਹੀਂ, ਮੱਛਰ ਮਾਰਨ ਲਈ ਕਿਹਾ ਨਹੀਂ । ਸਫੇਦੀ ਕਰਵਾਉਣੀ ਹੈ, ਕੁਝ ਹੋਰ ਕਰਨ ਲਈ ਕਿਹਾ ਨਹੀਂ । ਸਫੇਦੀ ਚੂਨੇ ਨਾਲ ਹੁੰਦੀ ਹੈ, ਨੀਲ ਨਾਲ ਹੁੰਦੀ ਹੈ, ਡੱਬੇ ਵਿਚ ਇਹਨਾਂ ਨੂੰ ਘੋਲ ਕੇ, ਕੂਚੀ ਨਾਲ ਹੁੰਦੀ ਹੈ । ਕੂਚੀ ਜੋ ਮੇਰੇ ਕੋਲ ਨਹੀਂ, ਕੂਚੀ ਜੋ ਤੁਹਾਡੇ ਕੋਲ ਹੈ, ਕੂਚੀ ਜੋ ਮੇਰੀ ਤਕਦੀਰ ਨਹੀਂ, ਕੂਚੀ ਜੋ ਤੁਹਾਡੀ ਤਕਦੀਰ ਹੈ ।
ਇਕ : ਚਲ ਬਾਬੂ ਦੱਸ ਰੁਪਏ ਵਿਚ ਮੁਕਾਉਨੇ ਹਾਂ ।
ਦੋ : ਤੇਰੀ ਗੱਲ ਦੀ ਰੱਖ ਵਖਾਉਨੇ ਹਾਂ ।
ਇਕ : ਸਫੇਦੀ ਵਧੀਆ ਕਰਾਂਗੇ
ਦੋ : ਕਮਰਾ ਤੇਰਾ ਲਿਸ਼ਕਾਵਾਂਗੇ
ਇਕ : ਸਫੇਦੀ ਜੋ ਚੂਨੇ ਨਾਲ ਹੁੰਦੀ ਏ
ਦੋ : ਸਫੇਦੀ ਜੋ ਨੀਲ ਪਾਣ ਨਾਲ ਹੁੰਦੀ ਏ
ਇਕ : ਡੱਬੇ ਵਿਚ ਘੋਲ ਕੇ ਹੁੰਦੀ ਏ ।
ਦੋ : ਕੂਚੀ ਨਾਲ ਹੁੰਦੀ ਏ
ਇਕ : ਕੂਚੀ ਜੋ ਤੇਰੇ ਕੋਲ ਨਹੀਂ
ਦੋ : ਕੂਚੀ ਜੋ ਸਾਡੇ ਕੋਲ ਏ
ਇਕ : ਕੂਚੀ ਜੋ ਤੇਰੀ ਤਕਦੀਰ ਨਹੀਂ
ਦੋ : ਕੂਚੀ ਜੋ ਸਾਡੀ ਤਕਦੀਰ ਹੈ ।

ਬਾਬੂ : ਤੁਸੀਂ ਕੂਚੀ ਦੇ ਮਜੂਰ, ਮੈਂ ਕਲਮ ਦਾ ਮਜੂਰ
ਜੋ ਤੁਹਾਡੀ ਤਕਦੀਰ, ਉਹ ਮੇਰੀ ਤਕਦੀਰ
ਦਸੋ ਕੌਣ ਚਲੇਗਾ, ਕੰਮ ਕੌਣ ਕਰੇਗਾ
ਇਕ : ਮੈਂ ਚੱਲਾਂਗਾ
ਦੋ : (ਅੱਗੇ ਵਧ ਕੇ) ਨਹੀਂ ਮੈਂ ਚੱਲਾਂਗਾ
ਇਕ : ਮੈਂ ਬਾਬੂ ਨੂੰ ਪਹਿਲੇ ਵੇਖਿਆ ਸੀ ।
ਦੋ : ਮੈਂ ਬਾਬੂ ਨੂੰ ਪਹਿਲੇ ਮਿਲਿਆ ਸੀ ।
ਇਕ : ਮੈਂ ਚੱਲਾਂਗਾ
ਦੋ : ਨਹੀਂ ਮੈਂ ਚੱਲਾਂਗਾ
ਇਕ : ਮੈਂ
ਦੋ : ਮੈਂ
(ਮੂਕ ਅਭੀਨੈ ਵਿਚ ਲੜਦੇ ਹਨ, ਗਾਲ੍ਹਾਂ ਕੱਢਦੇ ਹਨ, ਇਕ ਦੂਜੇ ਨੂੰ ਗਲਿਓਂ ਫੜਦੇ ਹਾਂ । ਲੜਾਈ ਦੀ ਲੈਅ ਤੇਜ਼ ਹੁੰਦੀ ਹੈ ਤੇ ਇਕ ਦੂਜੇ ਦੇ ਗਲ ਫੜੀ ਮੁਦਰਾ ਵਿਚ ਸਟਿਲ ਹੋ ਜਾਂਦੇ ਹਨ)
ਬਾਬੂ : (ਦਰਸ਼ਕਾਂ ਵਲ) ਰੁਜ਼ਗਾਰ ਹੈ ਇਕ, ਬੰਦੇ ਦੋ,
ਲੜ ਲੜ ਕੇ ਮਰਦੇ ਜੋ
ਇਹ ਇਥੋਂ ਦਾ ਨਹੀਂ ਵਰਤਾਰਾ
ਇਸੇ ਅੱਗ ਵਿੱਚ ਸੜਿਆ ਹੈ ਸਮਾਜ ਸਾਰਾ
ਆਪਸ ਵਿਚ ਲੜਾਈ ਦੇ ਕਾਰਨ
ਨਫਰਤ ਦੇ ਕਾਰਨ, ਝਗੜੇ ਦੇ ਕਾਰਨ
ਢਿੱਡ ਨੇ ਬਹੁਤੇ ਚੀਜ਼ ਹੈ ਥੋੜੀ
ਆਪਸ ਵਿਚ ਖੋਹੀਏ ਜ਼ੋਰੀਂ
ਲੜ ਲੜ ਕੇ ਥੱਕ ਜਾਵਾਂਗੇ
ਗਾਲ੍ਹਾਂ ਕੱਢਦੇ ਅੱਕ ਜਾਵਾਂਗੇ
ਥਾਂ ਥਾਂ ਤੇ ਇਹੋ ਹਾਲ
ਥਾਂ ਥਾਂ ਤੇ ਉਠੇ ਇਹੋ ਸਵਾਲ
(ਦੋਨਾਂ ਨੂੰ ਸੰਬੋਧਨ) ਲੜੋ ਨਾ ਮੇਰੇ ਭਾਈ, ਕਰੋ ਤੁਸੀਂ ਸੁਲਾਹ ਸਫ਼ਾਈ, ਰਲਕੇ ਤੁਸੀਂ ਕੰਮ ਮੁਕਾਓ, ਥੋੜਾ ਥੋੜਾ ਵੰਡਕੇ ਖਾਓ ।
ਇਕ : ਥੋੜੇ ਨਾਲ ਰੋਟੀ ਚਲਦੀ ਨਹੀਂ ।
ਦੋ : ਬੱਚਿਆਂ ਦੀ ਭੁੱਖ ਮਰਨੀ ਨਹੀਂ ।
ਇਕ : ਘਰ ਦੀ ਗੱਡੀ ਤੁਰਨੀ ਨਹੀਂ ।
ਦੋ : ਕਰਜ਼ੇ ਦੀ ਪੰਡ ਮੁਕਨੀ ਨਹੀਂ ।
ਬਾਬੂ : ਹੈ ਫੇਰ ਕੋਈ ਇਲਾਜ ? ਇਹ ਤਾਂ ਵਡਾ ਸੁਵਾਲ । ਆਓ ਰਲਕੇ ਕੰਮ ਮਕਾਓ ਥੋੜਾ ਥੋੜਾ ਵੰਡਕੇ ਖਾਓ ।
ਦੋਨੋਂ : (ਬਾਬ ਦੇ ਪਿਛੇ ਜਾਂਦੇ ਹੋਏ) ਇਕ ਹੱਥ ਕੂਚੀ, ਇਕ ਹੱਥ ਡੱਬਾ, ਇਹੋ ਸਾਡੇ ਸਾਜ਼ । ਢਿੱਡ ਵਜਾਈਏ, ਡੱਬਾ ਵਜਾਈਏ, ਗਾਈਏ ਬੇਰੁਜ਼ਗਾਰੀ ਦਾ ਰਾਗ ।
ਕੋਰਸ : ਹੈ ਕੋਈ ਇਲਾਜ ? ਇਹ ਬਹੁਤ ਵਡਾ ਸਵਾਲ
ਸੜਕਾਂ ਤੇ ਰੁਲਦੇ-ਬੇਰੁਜ਼ਗਾਰ

ਹੜਤਾਲਾਂ ਹਨ ਕਰਦੇ—ਬੇਰੁਜ਼ਗਾਰ

(ਚਾਰ ਮਜ਼ਦੂਰ ਜਿਨ੍ਹਾਂ ਨੇ ਬੈਨਰ ਅਤੇ ਝੰਡੇ ਚੁੱਕੇ ਹਨ, ਮੰਚ ਤੇ ਆਂਦੇ ਹਨ)

ਇਕ : ਜਬਰ ਤੇ ਜ਼ੁਲਮ ਦਾ ਜਵਾਬ।

ਦੋ : ਸਾਡੀ ਹੈ ਇਹ ਹੜਤਾਲ।

ਇਕ : ਹੋਣਾ ਨਹੀਂ ਬੇਰੁਜ਼ਗਾਰ।

ਦੋ : ਇਸ ਲਈ ਕੀਤੀ ਹੈ ਇਹ ਹੜਤਾਲ।

ਕਾਰਖਾਨੇਦਾਰ : ਮੈਂ ਹਾਂ ਇਕ ਛੋਟਾ ਸਰਮਾਏਦਾਰ, 5 ਖੱਡੀਆਂ ਦਾ ਮਾਲਕ, ਇਕ ਛੋਟਾ ਕਾਰਖਾਨੇਦਾਰ, ਮਾਲ ਮੇਰਾ ਹੁਣ ਵਿਕਦਾ ਨਹੀਂ, ਕਿਵੇਂ ਦੇਵਾਂ ਸਭ ਨੂੰ ਰੁਜ਼ਗਾਰ।

ਇਕ : ਮਾਲ ਕਿਉਂ ਵਿਕਦਾ ਨਹੀਂ

ਦੋ : ਕਿਉਂ ਬੰਦ ਹੈ ਸਾਡਾ ਰੁਜ਼ਗਾਰ।

ਕਾਰਖਾਨੇਦਾਰ : ਵਡੇ ਨੇ ਜੋ ਇਜ਼ਾਰੇਦਾਰ, ਉਹਨਾਂ ਦਾ ਹੀ ਚਲਦਾ ਹੈ ਵਪਾਰ, ਮਸ਼ੀਨਾਂ ਆਟੋਮੈਟਿਕ ਲਿਆਕੇ ਉਹਨਾਂ ਆਪਣਾ ਮੁਨਾਫ਼ਾ ਵਧਾਇਆ ਹੈ, ਸਾਨੂੰ ਮੰਡੀਓਂ ਬਾਹਰ ਭਜਾਇਆ ਹੈ। ਬਹੁਮੁਲਕੀ ਕੰਪਨੀਆਂ ਦੇਸ਼ ਵਿਚ ਆਈਆਂ ਹਨ। ਸਾਡਾਂ ਉਹਨਾਂ ਨਾਲ ਵਡੇ ਇਜਾਰੇਦਾਰਾਂ ਪਾਈਆਂ ਹਨ, ਮਾਲ ਸਾਡਾ ਵਿਕਦਾ ਨਹੀਂ, ਵਪਾਰ ਕਿਤੇ ਟਿਕਦਾ ਨਹੀਂ ਤੁਹਾਨੂੰ ਦੇਈਏ ਕਿਥੋਂ ਰੁਜ਼ਗਾਰ। ਸਾਡਾ ਵਪਾਰ ਹੋਇਆ ਹੈ ਠੱਪ, ਅਸੀਂ ਆਪ ਬੜੇ ਹਾਂ ਤੰਗ। ਅਸੀਂ ਬੜੀ ਦੁਹਾਈ ਪਾਈ ਹੈ, ਪਰ ਸਰਕਾਰੇ ਦਰਬਾਰੇ ਸਾਡੀ ਨਾ ਕੋਈ ਸੁਣਾਈ ਹੈ।

ਇਕ : ਸਾਡੀ ਨਹੀਂ ਸੁਣਦੀ।

ਦੋ : ਤੁਹਾਡੀ ਨਹੀਂ ਸੁਣਦੀ

ਇਕੱਠੇ : ਇਹ ਕਿਹੋ ਜਿਹੀ ਸਰਕਾਰ

ਇਕ : ਆਪਣੇ ਲੋਕਾਂ ਨੂੰ ਭੁੱਖੇ ਰੱਖਦੀ

ਦੋ : ਨਾ ਰੋਟੀ ਦੇਂਦੀ ਨਾ ਰੁਜ਼ਗਾਰ

ਇਕੱਠੇ : ਇਹ ਕਿਹੋ ਜਿਹੀ ਸਰਕਾਰ

(ਇਹ ਕਿਹੋ ਜਿਹੀ ਸਰਕਾਰ, ਇਹ ਕਿਹੋ ਜਿਹੀ ਸਰਕਾਰ ? ਕਰਦੇ ਕਰਦੇ ਬਾਹਰ ਆ ਜਾਂਦੇ ਹਨ)

(ਇਹ ਕਿਹੋ ਜਿਹੀ ਸਰਕਾਰ' ਅਵਾਜ਼ ਵੱਖ ਵੱਖ ਢੰਗ ਨਾਲ ਵਾਤਾਵਰਨ ਵਿਚ ਆਂਦੀ ਹੈ, ਇਹ ਇਸ ਗੱਲ ਦੀ ਪ੍ਰਤੀਕ ਹੈ ਕਿ ਇਹ ਅਵਾਜ਼ ਦੇਸ਼ ਦੀ ਹਰ ਨੁੱਕਰ ਤੋਂ ਉਠ ਰਹੀ ਹੈ।)

(ਕੋਰਸ ਮੰਚ ਤੇ ਆਂਦਾ ਹੈ, ਇਕ ਲੀਡਰ ਹੈ ਬਾਕੀ ਹੋਰ ਚਾਰ ਹਨ)

ਲੀਡਰ : ਇਹ ਕਿਹੋ ਜਿਹੀ ਸਰਕਾਰ
ਸਾਰੇ ਕਰੀਏ ਇਹ ਵਿਚਾਰ

ਬਾਕੀ : ਹਾਂ ਹਾਂ ਕਰੀਏ ਇਹ ਵਿਚਾਰ

ਲੀਡਰ : ਇਥੇ ਸਾਰੇ ਕਿਰਤੀ ਕਾਮੇ—ਬੇਰੁਜ਼ਗਾਰ
ਇਥੇ ਪੜ੍ਹੇ ਲਿਖੇ—ਬੇਰੁਜ਼ਗਾਰ
ਛੋਟੇ ਜੋ ਵਪਾਰੀ ਉਹ ਵੀ—ਬੇਰੁਜ਼ਗਾਰ
ਬਹੁਤੀ ਦੁਨੀਆ ਹੈ—ਬੇਰੁਜ਼ਗਾਰ

ਬਾਕੀ : ਹਾਂ ਬਹੁਤੀ ਦੁਨੀਆ ਹੈ—ਬੇਰੁਜ਼ਗਾਰ

ਲੀਡਰ : ਫਿਰ ਇਹ ਕਿਹੋ ਜਿਹਾ ਪ੍ਰਬੰਧ ?
ਫਿਰ ਇਹ ਕਿਹੋ ਜਿਹੀ ਸਰਕਾਰ ?

ਬਾਕੀ : ਹਾਂ ਫਿਰ ਇਹ ਕਿਹੋ ਜਿਹੀ ਸਰਕਾਰ ?

ਲੀਡਰ : ਕੀ ਇਹ ਸਰਕਾਰ ਕਿਸਾਨਾਂ ਦੀ
ਪਹਿਲਾਂ ਕਰੀਏ ਇਹ ਸਵਾਲ

ਬਾਕੀ : ਹਾਂ ਪਹਿਲਾਂ ਕਰੀਏ ਇਹ ਸਵਾਲ

ਲੀਡਰ : ਜੇ ਇਹ ਕਿਸਾਨਾਂ ਦੀ,
ਫਿਰ ਦੁੱਖੀ ਕਿਉਂ ਨੇ ਕਿਸਾਨ ?

ਬਾਕੀ : ਹਾਂ ਦੁਖੀ ਕਿਉਂ ਨੇ ਕਿਸਾਨ ?

ਲੀਡਰ : ਨਹੀਂ ਇਹ ਕਿਸਾਨਾਂ ਦੀ,
ਇਹ ਸਿੱਧਾ ਜਿਹਾ ਜਵਾਬ

ਬਾਕੀ : ਹਾਂ ਇਹ ਸਿੱਧਾ ਜਵਾਬ

ਲੀਡਰ : ਕੀ ਇਹ ਸਰਕਾਰ ਮਜ਼ੂਰਾਂ ਦੀ,
ਦੂਜਾ ਕਰੀਏ ਸਵਾਲ

ਬਾਕੀ : ਹਾਂ ਦੂਜਾ ਕਰੀਏ ਇਹ ਸਵਾਲ

ਲੀਡਰ : ਜੇ ਇਹ ਮਜ਼ੂਰਾਂ ਦੀ,
ਮਜ਼ੂਰ ਕਿਉਂ ਏ ਭੁੱਖਾ ਤੇ ਲਾਚਾਰ ?

ਬਾਕੀ : ਹਾਂ ਮਜ਼ੂਰ ਕਿਉਂ ਭੁੱਖਾ ਤੇ ਲਾਚਾਰ ?

ਲੀਡਰ : ਨਹੀਂ ਇਹ ਮਜ਼ੂਰਾਂ ਦੀ,
ਇਹ ਸਿੱਧਾ ਜਿਹਾ ਜਵਾਬ।

ਬਾਕੀ : ਹਾਂ ਇਹ ਸਿੱਧਾ ਜਿਹਾ ਜਵਾਬ।

ਲੀਡਰ : ਕੀ ਇਹ ਸਰਕਾਰ ਲੋਕਾਂ ਦੀ,
ਤੀਜਾ ਕਰੀਏ ਇਹ ਸਵਾਲ।

ਬਾਕੀ : ਹਾਂ ਤੀਜਾ ਕਰੀਏ ਇਹ ਸਵਾਲ

ਲੀਡਰ : ਜੇ ਇਹ ਲੋਕਾਂ ਦੀ,
ਫੇਰ ਲੋਕ ਕਿਉਂ ਨੇ ਅਵਾਜ਼ਾਰ ?

ਬਾਕੀ : ਹਾਂ ਫੇਰ ਲੋਕ ਕਿਉਂ ਨੇ ਅਵਾਜ਼ਾਰ ?

ਲੀਡਰ : ਨਹੀਂ ਇਹ ਲੋਕਾਂ ਦੀ,
ਇਹ ਸਿੱਧਾ ਜਿਹਾ ਜਵਾਬ।

ਬਾਕੀ : ਹਾਂ ਇਹ ਸਿੱਧਾ ਜਿਹਾ ਜਵਾਬ।

ਲੀਡਰ : ਨਹੀਂ ਜੇ ਲੋਕਾਂ ਦੀ,
ਫੇਰ ਕਿਸਦੀ ਹੈ ਇਹ ਸਰਕਾਰ ?

ਬਾਕੀ : ਹਾਂ ਇਹ ਕਿਸਦੀ ਹੈ ਸਰਕਾਰ ?

ਲੀਡਰ : ਤੁਸੀਂ ਹੀ ਦਸੋ, ਇਕ, ਦੋ, ਤਿੰਨ, ਚਾਰ

ਬਾਕੀ : (ਸੋਚ ਕੇ) ਔਖਾ ਹੈ ਇਹ ਸੁਵਾਲ

ਲੀਡਰ : ਨਹੀਂ ਇਹ ਲੋਕਾਂ ਦੀ, ਇਹ ਹੈ ਜੋਕਾਂ ਦੀ
ਇਹ ਸਿੱਧਾ ਜਿਹਾ ਜਵਾਬ

ਬਾਕੀ : ਹਾਂ ਹਾਂ ਇਹ ਸਿੱਧਾ ਜਿਹਾ ਜਵਾਬ
ਇਹ ਸਰਕਾਰ ਨਹੀਂ ਲੋਕਾਂ ਦੀ
ਇਹ ਸਰਕਾਰ ਹੈ ਜੋਕਾਂ ਦੀ
ਇਹ ਹੈ ਸਿੱਧਾ ਜਿਹਾ ਜਵਾਬ
ਲੀਡਰ : ਸਿਧੇ ਹਨ ਸਵਾਲ ਜੋ ਸਾਰੇ
ਸਿੱਧੇ ਹਨ ਜਵਾਬ ਜੋ ਸਾਰੇ
ਫੇਰ ਹੋਵੇ ਕੀ ਇਲਾਜ ?
ਕਿਵੇਂ ਮਿਲੇ ਸਭ ਨੂੰ ਰੁਜ਼ਗਾਰ ?
ਬਾਕੀ : ਰਲਕੇ ਬਦਲੀਏ ਇਹ ਸਰਕਾਰ
ਸਿਧਾ ਜਿਹਾ ਹੈ ਇਹ ਜਵਾਬ
ਲੀਡਰ : ਹਾਂ ਸਿੱਧਾ ਜਿਹਾ ਇਹ ਜਵਾਬ
ਨਾ ਹੈ ਹੋਰ ਕੋਈ ਇਲਾਜ
ਹੋਵੀਏ ਅਸੀਂ ਜਥੇਬੰਦ
ਬਦਲ ਦੇਈਏ ਇਹ ਸਭ ਪ੍ਰਬੰਧ
ਹੋਵੇ ਇਥੇ ਇਨਕਲਾਬ
ਬਦਲ ਦੇਵੇ ਜੋ ਸਮਾਜ
ਬਾਕੀ : ਹਾਂ ਬਦਲ ਦੇਵੇ ਜੋ ਇਹ ਸਮਾਜ
ਬਦਲ ਦੇਵੇ ਜੋ ਇਹ ਸਰਕਾਰ
ਹੋਵੇ ਇਥੇ ਇਨਕਲਾਬ
ਇਕੱਠੇ : ਹੋਵੇ ਇਥੇ ਇਨਕਲਾਬ
ਕੋਈ ਨਾ ਰਵ੍ਹੇ ਬੇਰੁਜ਼ਗਾਰ
(ਇਕ ਵਿਸ਼ੇਸ਼ ਮੁਦਰਾ ਵਿਚ ਸਭ ਖਲੋਂਦੇ ਹਨ ਤੇ ਨਾਟਕ ਮੁਕੱਦਾ ਹੈ ।)

## ਪਾਠਕ ਲੇਖਕ ਫੋਰਮ

### 1. ਕੁਝ ਬੁਨਿਆਦੀ ਨੁਕਤੇ ਸਾਡਾ ਧਿਆਨ ਮੰਗਦੇ ਹਨ/ਇਕਬਾਲ ਸਿੰਘ ਪੱਤੜ

ਮੈਂ ਸਮਤਾ ਨੂੰ ਉਸ ਸਮੇਂ ਤੋਂ ਬਕਾਇਦਾ ਪੜ੍ਹਦਾ ਆ ਰਿਹਾ ਹਾਂ ਜਦੋਂ ਸ੍ਰ: ਗੁਰਸ਼ਰਨ ਸਿੰਘ ਹੋਰਾਂ ਇਨਕਲਾਬੀ ਏਕਤਾ ਕੇਂਦਰ ਗਠਨ ਕਰਨ ਦਾ ਐਲਾਨ ਕੀਤਾ ਸੀ ਪਰ ਆਪਣੇ ਵਿਚਾਰ ਅਤੇ ਸਵਾਲ ਪਹਿਲੀ ਵਾਰ ਸਾਂਝੇ ਕਰ ਰਿਹਾ ਹਾਂ ।

ਅੱਜ ਇਨਕਲਾਬੀ ਸਫਾਂ ਅੰਦਰ ਜਿਹੜੇ ਸਵਾਲ ਵੱਧ ਭਖਵੀਂ ਚਰਚਾ ਦਾ ਵਿਸ਼ਾ ਬਣੇ ਹੋਏ ਹਨ ਉਹਨਾਂ ਵਿਚ ਸਰਕਾਰ ਵਲੋਂ ਇਨਕਲਾਬੀ ਏਕਤਾ ਕੇਂਦਰ ਦੇ ਕਨਵੀਨਰ ਨੂੰ 10 ਹਜ਼ਾਰ ਰੁਪਏ ਦੇ ਇਨਾਮ ਦਾ ਐਲਾਨ ਅਤੇ ਪੂਲਾ ਰੈਡੀ ਗਰੁੱਪ ਨੂੰ ਹਥਿਆਰਾਂ ਅਤੇ ਲਾਈਸੈਂਸਾਂ ਦੀ ਪੇਸ਼ਕਸ ਪ੍ਰਮੁੱਖ ਹਨ। ਕੁਝ ਸਾਥੀ ਸਰਕਾਰ ਦੀਆਂ ਇਹਨਾਂ ਪੇਸ਼ਕਸਾਂ ਨੂੰ ਠੁਕਰਾ ਦੇਣ ਲਈ ਕਹਿ ਰਹੇ ਹਨ ਪਰ ਕੁਝ ਦਾ ਵਿਚਾਰ ਹੈ ਕਿ ਇਹਨਾਂ ਨੂੰ ਪਰਵਾਨ ਕਰਨ ਤੋਂ ਬਿਨਾਂ ਫਿਰਕਾਪ੍ਰਸਤੀ ਨੂੰ ਹਾਰ ਨਹੀਂ ਦਿਤੀ ਜਾ ਸਕਦੀ। ਕੇਂਦਰੀ ਕਮੇਟੀ ਮੈਂਬਰ ਕਾਮਰੇਡ ਬੀ. ਡੀ. ਦਾ ਕਹਿਣਾ ਹੈ ਕਿ ਹਜ਼ਾਰਾਂ ਕਮਿਊਨਿਸਟ ਇਨਕਲਾਬੀਆਂ ਦੇ ਖੂਨ ਨਾਲ ਹੱਥ ਰੰਗਣ ਵਾਲੇ ਜ਼ਾਲਮ ਹਾਕਮਾ ਤੋਂ ਹਥਿਆਰ ਲੈਣ ਨਾਲੋਂ ਚੱਪਣੀ ਵਿਚ ਨੱਕ ਡੋਬ ਕੇ ਮਰ ਜਾਣਾ ਕਿਤੇ ਬਿਹਤਰ ਰਹੇਗਾ ਪਰ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਸਾਥੀ, ਜਿਹੜੇ ਪਹਿਲਾਂ ਹੀ ਹਥਿਆਰ ਲੈ ਚੁੱਕੇ ਹਨ, ਕੇਂਦਰੀ ਕਮੇਟੀ ਦੀਆਂ ਇਹਨਾਂ ਨੂੰ ਵਾਪਸ ਕਰਾ ਦੇਣ ਦੀਆਂ ਹਦਾਇਤਾਂ ਨੂੰ ਮੰਨਣ ਤੋਂ ਸ਼ਰੇਆਮ ਇਨਕਾਰ ਕਰ ਰਹੇ ਹਨ। ਸ੍ਰ: ਗੁਰਸ਼ਰਨ ਸਿੰਘ ਹੋਰਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਉਹਨਾਂ ਦੀ ਕਲਾ ਦਾ ਮੁੱਲ ਪਾਇਆ ਹੈ ਅਤੇ ਉਹ ਇਨਾਮ ਦੀ ਰਕਮ ਨੂੰ ਇਨਕਲਾਬੀ ਏਕਤਾ ਕੇਂਦਰ ਦੇ ਕੰਮ ਦੇ ਵਧਾਰੇ ਲਈ ਹੀ ਵਰਤਣਗੇ। ਪਰ ਜੇ ਇਨਕਲਾਬੀ ਸਫਾਂ ਨੂੰ ਇਹ ਗੱਲ ਪਰਵਾਨ ਨਾ ਹੋਵੇ ਤਾਂ ਉਹ ਇਨਾਮ ਦੀ ਪੇਸ਼ਕਸ ਨੂੰ ਜ਼ਰੂਰ ਹੀ ਰੱਦ ਕਰ ਦੇਣਗੇ।

ਮੇਰਾ ਵਿਚਾਰ ਹੈ ਕਿ ਇਹ ਸਾਰੀ ਬਹਿਸ ਹੀ ਫਜ਼ੂਲ ਹੈ । ਸ੍ਰ: ਗੁਰਸ਼ਰਨ ਸਿੰਘ ਅਤੇ ਕਾਮਰੇਡ ਦਰਸ਼ਨ ਖਟਕੜ (ਪੂਲਾ ਰੈਡੀ ਦੀ ਪੰਜਾਬ ਕਮੇਟੀ ਦੇ ਸਕੱਤਰ) ਦੀਆਂ ਸ਼ਖਸੀਅਤਾਂ ਲੋਕਾਂ ਦੇ ਸਾਹਮਣੇ ਖੁਲ੍ਹੀਆਂ ਕਿਤਾਬਾਂ ਵਾਂਗ ਹਨ। ਉਹਨਾਂ ਦੀ ਸਿਆਸਤ ਨਾਲ ਕਿਸੇ ਨੂੰ ਲੱਖ ਮਤਭੇਦ ਹੋ ਸਕਦੇ ਹਨ ' ਪਰ ਕੋਈ ਉਹਨਾਂ ਦੀ ਜ਼ਾਤ ਤੇ ਉਂਗਲ ਨਹੀਂ ਧਰ ਸਕਦਾ। ਚੰਦ ਚਮੜਿਆਂ ਬਾਰੇ ਉਹ ਆਪਣੀ ਸੋਚ ਨਹੀਂ ਬਦਲਣ ਲਗੇ। ਜਿਹੜਾ ਕੋਈ ਅਜਿਹਾ ਸੋਚਦਾ ਹੈ ਉਹ ਜਾਂ ਤਾਂ ਸਿਰੇ ਦਾ ਉਤ ਹੈ ਜਾਂ ਪਾਗਲ। ਅੱਜ ਲਹਿਰ ਸਾਹਮਣੇ ਮਹੱਤਵਪੂਰਨ ਸਵਾਲ ਇਹ ਨਹੀਂ ਕਿ ਪੈਸਿਆਂ ਅਤੇ ਹਥਿਆਰਾਂ ਦੀ ਪੇਸ਼ਕਸ ਪਰਵਾਨ ਕੀਤੀ ਜਾਵੇ ਕਿ ਨਾ ਸਗੋਂ ਇਹ ਹੈ ਕਿ ਸਾਨੂੰ ਇਹ ਪੇਸ਼ਕਸ ਹੋਈ ਹੀ ਕਿਉਂ ਹੈ ? ਜਬਰ ਅਤੇ ਲੁਟੇਰੇ ਹਾਕਮ ਪੰਜਾਬ ਦੇ ਕਮਿਊਨਿਸਟ ਇਨਕਲਾਬੀਆਂ ਤੇ ਏਨੇ ਦਇਆਵਾਨ ਕਿਉਂ ਹੋ ਗਏ ਹਨ ? ਜਿਹਨਾਂ ਨੂੰ ਅਸੀਂ ਹਥਿਆਰਾਂ ਨਾਲ ਉਲਟਾਉਣ ਦੇ ਨਾਹਰੇ ਲਾ ਰਹੇ ਹਾਂ ਉਹ ਆਪਣੇ ਹੱਥੀਂ ਹੀ ਸਾਨੂੰ ਹਥਿਆਰ ਕਿਉਂ ਫੜਾ ਰਹੇ ਹਨ ? ਹਾਕਮਾ ਨੇ ਗੁਰਸ਼ਰਨ ਸਿੰਘ ਹੋਰਾਂ ਦੀ ਕਲਾ ਦਾ ਮੁਲ ਪਾਇਆ ਹੈ ਜਾਂ ਉਸ ਸੁਨੇਹੇ ਦਾ ਜਿਸਨੂੰ ਉਹ ਪੂਰੇ ਕਲਾਮਈ ਢੰਗ ਨਾਲ ਪਿੰਡ ਪਿੰਡ ਅਤੇ ਸ਼ਹਿਰ ਸ਼ਹਿਰ ਪਹੁੰਚਾ ਰਹੇ ਹਨ ? ਇਹਨਾਂ ਸਵਾਲਾਂ ਨੂੰ ਸੰਬੋਧਤ ਹੋਣ ਤੋਂ ਬਾਅਦ ਹੀ ਅਸੀਂ ਸਰਕਾਰੀ ਪੇਸ਼ਕਸ਼ਾਂ ਬਾਰੇ ਕੁਝ ਕਹਿਣ ਦੀ ਹਾਲਤ 'ਚ ਹੋ ਸਕਦੇ ਹਾਂ ਕਿਉਂਕਿ ਇਹਨਾਂ ਸਵਾਲਾਂ ਨੂੰ ਹੱਲ ਕਰਕੇ ਹੀ ਪਤਾ ਲੱਗ ਸਕਦਾ ਹੈ ਕਿ ਸਰਕਾਰੀ ਪੇਸ਼ਕਸਾਂ ਸਾਨੂੰ

ਇਨਕਲਾਬੀ ਲੀਹ ਤੋਂ ਥਿੜਕਾਉਣ ਲਈ ਹਨ ਜਾਂ ਪਹਿਲਾਂ ਹੀ ਥਿੜਕ ਚੁੱਕਿਆਂ ਨੂੰ ਪਰਚਾਉਣ ਲਈ ਹਨ। ਜੇ ਹਾਲਤ ਦੂਸਰੀ ਹੈ ਤਾਂ ਪੇਸ਼ਕਸ਼ਾਂ ਨੂੰ ਠੁਕਰਾ ਦੇਣ ਨਾਲ ਵੀ ਅਸੀਂ ਇਨਕਲਾਬੀ ਨਹੀਂ ਬਣਨ ਲੱਗੇ, ਹਾਂ ਝੂਠੀਆਂ ਤਸੱਲੀਆਂ ਜ਼ਰੂਰ ਲੈ ਸਕਦੇ ਹਾਂ। ਜੇ ਹਾਲਤ ਪਹਿਲੀ ਹੈ ਤਾਂ ਸਫਾਂ ਨੂੰ ਫਿਕਰ ਕਰਨ ਦੀ ਕੋਈ ਲੋੜ ਨਹੀਂ ਇਨਾਮ ਫਿਰਕਾਪ੍ਰਸਤੀ ਵਿਰੁੱਧ ਲੜਾਈ ਨੂੰ ਉਚੇਰੇ ਪੱਧਰਾਂ ਤੇ ਲਿਜਾਣ 'ਚ ਹੀ ਸਹਾਈ ਹੋਣਗੇ।

2. ਪੈਗਾਮ ਵਾਲੇ ਸਾਥੀ ਸਿੱਖਾਂ ਦੀ ਗੈਰ ਪਾਰਲੀਮਾਨੀ ਧਿਰ ਲਈ ਖਾੜਕੂ ਸ਼ਬਦ ਦਾ ਇਸਤੇਮਾਲ ਕਰਦੇ ਹਨ ਪਰ ਅਸੀਂ [ਸਾਰੇ ਨਕਸਲੀ ਗਰੁੱਪ] ਖਾਲਸਤਾਨੀ ਦਹਿਸ਼ਤਗਰਦ, ਫਿਰਕੂ ਦਹਿਸ਼ਤਗਰਦ, ਫਿਰਕੂ ਜਨੂੰਨੀ, ਖੂਨੀ ਕੁੱਤੇ, ਦਹਿਸ਼ਤਗਰਦ ਟੋਲੇ, ਅੱਤਵਾਦੀ, ਵੱਖਵਾਦੀ ਆਦਿ ਆਦਿ। ਹਾਕਮ, ਸੋਧਵਾਦੀ ਪਾਰਟੀਆਂ ਅਤੇ ਹਿੰਦੂ ਫਿਰਕਾਪ੍ਰਸਤ ਵੀ ਸਾਡੇ ਵਾਲੀ ਬੋਲੀ ਹੀ ਬੋਲਦੇ ਹਨ। ਸਿੱਖਾਂ ਦੀ ਇਸ ਧਿਰ ਦੇ ਕਿਰਦਾਰ ਬਾਰੇ ਆਪਣੇ, ਸਰਕਾਰ ਅਤੇ ਹਿੰਦੂ ਫਿਰਕਾਪ੍ਰਸਤਾਂ ਦੇ ਨਿਰਣੇ 'ਚ ਪਰਗਟ ਹੋਈ ਇਸ ਸਾਂਝ ਦਾ ਕੀ ਰਾਜ਼ ਹੈ ? ਇਸ ਰਾਜ਼ ਦਾ ਥਹੁ ਪਾ ਲੈਣ ਤੋਂ ਪਹਿਲਾਂ ਇਸ ਮਸਲੇ ਤੇ ਪੈਗਾਮ ਵਾਲੇ ਸਾਥੀਆਂ ਦਾ ਮਖੌਲ ਉਡਾਉਣ ਦੀ ਕੋਸ਼ਿਸ਼ (ਭਾਵੇਂ ਉਹ ਕਿੰਨੇ ਵੀ ਸੂਖਮ ਢੰਗ ਨਾਲ ਵੀ ਕਿਉਂ ਨਾ ਕੀਤੀ ਗਈ ਹੋਵੇ—ਦੇਖੋ ਸਮਤਾ ਸਫਾ 3) ਪੁਠੀ ਪੈ ਸਕਦੀ ਹੈ। ਇਸ ਸਬੰਧ ਵਿਚ ਸਾਨੂੰ ਲੋਕਾਂ ਦੇ ਤਾਮਲਾਂ ਬਾਰੇ ਵੀ ਸਟੈਂਡ ਸਪਸ਼ਟ ਕਰਨਾ ਪਵੇਗਾ। ਕੀ ਉਹ ਤਾਮਲ ਖਾੜਕੂ ਹਨ ਜਾਂ ਤਾਮਲ ਦਹਿਸ਼ਤਗਰਦ ਜਾਂ ਤਾਮਲ ਫਿਰਕੂ ਜਨੂੰਨੀ ?

3. ਸਾਡੀ ਸਿਆਸਤ ਤੋਂ ਪਰਭਾਵਤ ਬਦੇਸ਼ਾਂ 'ਚ ਵਸਦੇ ਭਾਰਤੀ ਵੀ ਹਰ ਕਿਸਮ ਦੀ ਫਿਰਕਾਪ੍ਰਸਤੀ ਵਿਰੁੱਧ ਕਾਫੀ ਸਰਗਰਮ ਹਨ ਅਤੇ ਕੋਈ ਨਾ ਕੋਈ ਸਰਗਰਮੀ ਕਰਦੇ ਹੀ ਰਹਿੰਦੇ ਹਨ। 4 ਜਨਵਰੀ ਨੂੰ ਉਹਨਾਂ ਵਲੋਂ ਸਾਨਫਰਾਂਸਿਸਕੋ ਵਿਖੇ ਜਥੇਬੰਦ ਕੀਤੇ ਗਏ ਇਕ ਮੁਜ਼ਾਹਰੇ ਦੀ ਰਿਪੋਰਟ ਸਮਤਾ ਦੇ ਅਪਰੈਲ ਅੰਕ 'ਚ ਛਪੀ ਹੈ। ਇਸ ਰਿਪੋਰਟ ਮੁਤਾਬਕ "ਅੰਗਰੇਜ਼ੀ, ਪੰਜਾਬੀ ਹਿੰਦੀ ਤੇ ਉਰਦੂ 'ਚ ਲਿਖੇ ਮਾਟੋ ਰਾਹ ਗੁਜ਼ਰੂਆਂ ਦਾ ਧਿਆਨ ਖਿੱਚ ਰਹੇ ਸਨ। ਟੀ.ਵੀ. ਤੇ ਪ੍ਰੈਸ ਵਾਲਿਆਂ ਲਈ ਇਹ ਮੁਜ਼ਾਹਰਾ ਕਈ ਪੱਖਾਂ ਤੋਂ ਵਿਸ਼ੇਸ਼ ਦਿਲਚਸਪੀ ਦਾ ਕੇਂਦਰ ਸੀ। ਇਕ ਅਖਬਾਰ ਨਵੀਸ ਨੇ ਪਹਿਲਾਂ ਇਸਨੂੰ ਭਾਰਤੀ ਹਿੰਦੂਆਂ ਵਲੋਂ ਸਿੱਖਾਂ ਵਿਰੁੱਧ ਪਰਦਰਸ਼ਨ ਖਿਆਲ ਕੀਤਾ ਸੀ ਪਰ ਮੁਜ਼ਾਹਰੇ ਵਿਚ ਸਿੱਖਾਂ ਦੀ ਭਾਰੀ ਸ਼ਮੂਲੀਅਤ ਦੇਖ ਕੇ ਉਹਨੂੰ ਬੜੀ ਹੈਰਾਨੀ ਹੋਈ। ਕੀ ਕਾਰਨ ਹੈ ਕਿ ਅੱਜ ਕਮਿਊਨਿਸਟ ਇਨਕਲਾਬੀਆਂ ਦੇ ਖਾਲਸਤਾਨੀ ਦਹਿਸ਼ਤਗਰਦਾਂ ਵਿਰੁੱਧ ਮੁਜ਼ਾਹਰਿਆਂ ਅਤੇ ਫਿਰਕੂ ਹਿੰਦੂਆਂ ਦੇ ਸਿੱਖਾਂ ਵਿਰੁੱਧ ਮੁਜ਼ਾਹਰਿਆਂ 'ਚ ਫਰਕ ਮਿੱਟਦਾ ਜਾ ਰਿਹਾ ਹੈ।

4. ਅਸੀਂ ਹੁਣ ਤੱਕ ਇਹ ਪੜ੍ਹਦੇ ਸੁਣਦੇ ਆਏ ਹਾਂ ਕਿ ਪੁਲਸ, ਫੌਜ ਅਤੇ ਜੱਜ ਵਗੈਰਾ ਰਾਜਕੀ ਮਸ਼ੀਨਰੀ ਦੇ ਅੰਗ ਹੁੰਦੇ ਹਨ। ਰਾਜਕੀ ਮਸ਼ੀਨਰੀ ਹਾਕਮਾਂ ਦੇ ਹੱਥਾਂ 'ਚ ਲੋਕਾਂ ਨੂੰ ਦਬਾ ਕੇ ਰੱਖਣ ਦਾ ਸੰਦ ਹੁੰਦੀ ਹੈ। ਕਮਿਊਨਿਸਟਾਂ ਦਾ ਬੁਨਿਆਦੀ ਕਾਰਜ ਇਸ ਮਸ਼ੀਨਰੀ ਨੂੰ ਚਕਨਾਚੂਰ ਕਰਨਾ ਹੁੰਦਾ ਹੈ ਪਰ ਸਮਤਾ ਵਲੋਂ ਅਪਰੈਲ ਅੰਕ ਵਿਚ ਛਪੀ "ਪੰਜਾਬ ਦੀ ਹਾਲਤ ਬਾਰੇ ਮੂੰਹ ਬੋਲਦੀ ਰਿਪੋਰਟ" ਵਿਚ ਸਭ ਕੁਝ ਉਲਟ ਪੁਲਟ ਹੋ ਗਿਆ ਹੈ। ਰਾਜਕੀ ਮਸ਼ੀਨਰੀ "ਸੁਰੱਖਿਆ ਮਸ਼ੀਨਰੀ" ਬਣ ਗਈ ਹੈ [ਰਿਪੋਰਟ ਵਿਚ ਜਿਥੇ ਵੀ ਪੁਲਸ ਅਤੇ ਅਰਧ ਫੌਜੀ ਦਲਾਂ ਦਾ ਜ਼ਿਕਰ ਆਇਆ ਹੈ ਉਹਨਾਂ ਨੂੰ ਰਾਜਕੀ ਮਸ਼ੀਨਰੀ ਦੀ ਥਾਂ "ਸੁਰੱਖਿਆ ਮਸ਼ੀਨਰੀ" ਦਾ ਨਾਂਅ ਦਿਤਾ ਗਿਆ ਹੈ] ਅਤੇ ਉਸ ਤੇ ਪੈਂਠ ਵਾਲੀਆਂ ਸੱਟਾਂ ਸਾਡੀਆਂ ਲੇਰਾਂ ਕੱਢਣ ਲੱਗ ਪਈਆਂ ਹਨ। ਇਸ ਮਸ਼ੀਨਰੀ ਨੂੰ ਬਚਾ ਕੇ ਰੱਖਣਾ ਸਾਡੇ ਲਈ ਹਕੂਮਤ ਤੋਂ ਵੀ ਵੱਧ ਸਿਰਦਰਦੀ ਬਣ ਗਈ ਹੈ। ਜੇ ਹਕੂਮਤ ਕੋਲੋਂ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਦਬਾ ਕੇ ਰੱਖਣ ਵਾਲੇ ਇਸ ਸੰਦ ਨੂੰ ਬਚਾ ਕੇ ਨਹੀਂ ਰਖਿਆ ਜਾ ਰਿਹਾ ਤਾਂ ਉਸ ਦੀਆਂ ਪਾਜ ਉਘੜਾਈਆਂ ਜਥੇਬੰਦ ਕਰਨੀਆਂ ਸਾਡਾ ਇਕ ਅਹਿਮ ਕਾਰਜ ਬਣ ਗਿਆ ਹੈ। ਰਿਪੋਰਟ ਮੁਤਾਬਕ "ਮੋਗੇ 'ਚ ਕਤਲ ਹੋਣ ਵਾਲਾ ਸਾਧਾਰਨ ਨਾਗਰਿਕ ਨਹੀਂ ਸੀ ਉਹ ਤਾਂ ਹਕੂਮਤ ਦਾ ਇਕ ਜੁਡੀਸ਼ਲ ਅਫਸਰ ਸੀ, ਸੁਰੱਖਿਆ ਦੀ ਮੰਗ ਕਰਨ ਦੇ ਬਾਵਜੂਦ ਉਸ ਦੀ ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਇਸ ਘਟਨਾ ਨਾਲ ਹਕੂਮਤ ਦਾ ਕਿਰਦਾਰ ਅਤੇ ਉਸ ਦੀ ਸੁਰੱਖਿਆ ਮਸ਼ੀਨਰੀ ਦਾ ਪੋਲ ਹੋਰ ਨਿਖਰਵੇਂ ਰੂਪ ਵਿਚ ਉਜਾਗਰ ਹੋਇਆ ਹੈ" "ਹਕੂਮਤ ਦੇ ਕਿਰਦਾਰ ਨੂੰ ਨਿਖਰਵੇਂ ਰੂਪ ਵਿਚ ਉਜਾਗਰ" ਕਰਦੇ ਕਰਦੇ ਕਿਤੇ ਅਸੀਂ ਆਪਣਾ ਹੀ ਕਿਰਦਾਰ ਤਾਂ ਨਹੀਂ ਉਜਾਗਰ ਕਰਦੇ ਜਾ ਰਹੇ ?

5. "ਪੰਜਾਬ ਦੀਆਂ ਯੂਨੀਵਰਸਟੀਆਂ ਵਿਚ ਸੈਮੀਨਾਰ" ਸਿਰਲੇਖ ਹੇਠਲੀ ਟਿੱਪਣੀ ਵਿਚ ਗੁਰਸ਼ਰਨ ਸਿੰਘ ਹੋਰੀਂ ਲਿਖਦੇ ਹਨ "ਸਿੱਖ ਫਲਸਫੇ ਦੀ ਪੰਜਾਬ ਦੇ ਸੁਭਾਅ ਨੂੰ ਬਨਾਉਣ ਦੀ ਉਨੀ ਹੀ ਸੀਮਤ ਜਿਹੀ ਦੇਣ ਹੈ, ਜਿਹੜੀ ਹਰ ਅਧਿਆਤਮਕ ਫਲਸਫੇ ਦੀ ਹੁੰਦੀ ਹੈ" ਮਾਰਕਸਵਾਦ ਸਾਰੇ ਦੇ ਸਾਰੇ ਧਰਮਾਂ ਨੂੰ ਇਕੋ ਰੱਸੇ ਬੰਨ੍ਹਣ ਦੀ ਅਜਿਹੀ ਪਹੁੰਚ ਦੀ ਕਿਸੇ ਵੀ ਤਰ੍ਹਾਂ ਅਜਾਜ਼ਤ ਨਹੀਂ ਦੇਂਦਾ। ਮਾਰਕਸਵਾਦ ਮੁਤਾਬਕ

ਹਰ ਧਰਮ ਦੇ ਰੋਲ ਅਤੇ ਦੇਣ ਨੂੰ ਸਮੇਂ ਅਤੇ ਸਥਾਨ ਦੇ ਪ੍ਰਸੰਗ 'ਚ ਅੰਗਿਆ ਜਾਣਾ ਚਾਹੀਦਾ ਹੈ। ਲੈਨਿਨ ਗੋਰਕੀ ਨੂੰ ਆਪਣੀ ਇਕ ਚਿੱਠੀ 'ਚ ਲਿਖਦਾ ਹੈ "ਇਤਿਹਾਸ ਵਿਚ ਅਜਿਹਾ ਵੀ ਮੌਕਾ ਆਇਆ ਹੈ ਜਦੋਂ ਜਮਹੂਰੀਅਤ ਲਈ ਜਦੋ ਜਹਿਦ ਇਕ ਧਾਰਮਕ ਵਿਚਾਰ ਦੀ ਦੂਸਰੇ ਧਾਰਮਕ ਵਿਚਾਰ ਵਿਰੁੱਧ ਜੱਦੋ ਜਹਿਦ ਦੇ ਰੂਪ 'ਚ ਜਾਰੀ ਰਹੀ ਹੈ" [ਸ਼ਬਦ ਤੇ ਜ਼ੋਰ ਲੈਨਿਨ ਦਾ] ਜੇ ਇਸ ਤਰ੍ਹਾਂ ਕਿਸੇ ਸਮਾਜ ਵਿਚ ਇਕ 'ਧਾਰਮਕ ਵਿਚਾਰ ਦੀ ਦੂਸਰੇ ਧਾਰਮਕ ਵਿਚਾਰ ਵਿਰੁੱਧ ਜਦੋ ਜਹਿਦ ਉਸ ਸਮਾਜ ਲਈ ਅਗਾਂਹ ਵਧੂ ਰੋਲ ਅਦਾ ਕਰ ਰਹੀ ਹੁੰਦੀ ਹੈ ਤਾਂ ਦੋਹਾਂ ਦੀ ਉਸ ਸਮਾਜ ਨੂੰ ਦੇਣ ਇਕੋ ਜਿਹੀ ਕਿਵੇਂ ਹੋ ਸਕਦੀ ਹੈ ? ਜਾਤ ਪਾਤੀ ਬਰਾਹਮਣੀ ਫ਼ਲਸਫ਼ੇ ਅਤੇ ਜਾਤ ਪਾਤ ਵਿਰੋਧੀ ਇਸਲਾਮ ਅਤੇ ਸਿੱਖ ਫ਼ਲਸਫ਼ੇ ਦੇ ਪੰਜਾਬ ਦੇ ਸੁਭਾਅ ਨੂੰ ਬਨਾਉਣ ਵਿਚ ਇਕੋ ਜਿਹੀ ਦੇਣ ਕਿਵੇਂ ਹੋ ਸਕਦੀ ਹੈ ? ਕੀ ਗੁਰਸ਼ਰਨ ਸਿੰਘ ਹੋਰੀਂ ਜਾਤ ਪਾਤ ਦਾ ਸਭਿਆਚਾਰ 'ਚ ਕੋਈ ਰੋਲ ਹੀ ਨਹੀਂ ਵੇਖਦੇ ?

ਉਪਰਲੀ ਟਿੱਪਣੀ 'ਚ ਹੀ ਗੁਰਸ਼ਰਨ ਸਿੰਘ ਲਿਖਦੇ ਹਨ 'ਸੈਮੀਨਾਰਾਂ 'ਚ ਸਿਧੇ ਜਾਂ ਅਸਿਧੇ ਤੌਰ ਤੇ ਇਹ ਸ਼ਾਬਤ ਕਰਨ ਦਾ ਯਤਨ ਕੀਤਾ ਜਾਂਦਾ ਹੈ ਕਿ ਸਿੱਖ ਫਲਸਫ਼ਾ ਹੀ ਜੀਵਨ ਜਾਚ ਲਈ ਅਤੇ ਇਕ ਆਦਰਸ਼ਕ ਸਮਾਜ ਬਨਾਉਣ ਲਈ ਮੁਕੰਮਲ ਫ਼ਲਸਫ਼ਾ ਹੈ...ਇਹ ਫ਼ਲਸਫ਼ਾ ਅੱਜ ਦੇ ਯੁੱਗ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਪੇਸ਼ ਕਰਦਾ ਹੈ......ਕਹਿੰਦੇ ਕਹਿਲਾਂਦੇ ਮਾਰਕਸਵਾਦੀ ਵੀ ਇਸੇ ਸੁਰ ਵਿਚ ਬੋਲਦੇ ਹਨ।" ਮਗਰਲੀ ਲਾਈਨ ਸੌ ਫੀ ਸਦੀ ਝੂਠ ਹੈ। "ਕਹਿੰਦੇ ਕਹਿਲਾਂਦੇ ਮਾਰਕਸਵਾਦੀਆਂ" ਵਿਰੁੱਧ ਇਨਕਲਾਬੀ ਸਫ਼ਾਂ ਅੰਦਰ ਤੁਅੱਸਬ ਭਰਨ ਦਾ ਇਹ ਢੰਗ ਨਾ ਤਾਂ ਸਾਨੂੰ ਸ਼ੋਭਾ ਹੀ ਦੇਂਦਾ ਹੈ ਅਤੇ ਨਾ ਹੀ ਲਹਿਰ ਦਾ ਕੋਈ ਭਲਾ ਕਰ ਸਕਦਾ ਹੈ।

7. ਪਿਛਲੇ ਸਾਲ ਕੁ ਤੋਂ ਹਰ ਇਕ ਗਰੁੱਪ ਨੇ ਆਪੋ ਆਪਣੀ ਥਾਂ ਤੇ ਆਪੋ ਆਪਣੀ ਅਕਲ ਤੇ ਆਪੋ ਆਪਣੀ ਸਮਰੱਥਾ ਮੁਤਾਬਕ ਪੈਗਾਮ ਤੇ ਹੱਲਾ ਬੋਲਿਆ ਹੋਇਆ ਹੈ। ਇਹ ਹੈ ਵੀ ਜ਼ਰੂਰੀ। ਕਿਉਂਕਿ ਜਿੰਨਾ ਚਿਰ ਇਸ ਗਰੁੱਪ ਨੂੰ ਸਿਆਸੀ ਵਿਚਾਰਧਾਰਕ ਤੌਰ ਤੇ ਭਾਜ ਨਹੀਂ ਦਿੱਤੀ ਜਾਂਦੀ ਸਾਡੀ ਲਹਿਰ ਅੱਗੇ ਨਹੀਂ ਵਧ ਸਕਦੀ। ਕਾਰਨ ਇਹ ਹੈ ਇਸ ਗਰੁੱਪ ਦੀਆਂ ਪੁਜ਼ੀਸ਼ਨਾਂ ਵਿਚ ਇਨਕਲਾਬੀ ਲੀਹ 'ਚ ਵਿਸ਼ਵਾਸ ਡੁਲਾਉਣ ਲਈ ਕਾਫ਼ੀ ਸਮਰੱਥਾ ਹੈ। ਖਾਸ ਤੌਰ ਤੇ ਉਸ ਸਮੇਂ ਜਦੋਂ ਆਪਣੀ ਲੀਹ ਪਿਛਲੇ ਵੀਹ ਸਾਲਾਂ ਵਿਚ ਕੋਈ ਚੰਗੇ ਨਤੀਜੇ ਨਹੀਂ ਕੱਢ ਸਕੀ, ਜਦੋਂ ਕਿ ਸਾਹਮਣੇ ਆ ਰਹੇ ਸਿਆਸੀ ਵਰਤਾਰਿਆਂ ਬਾਰੇ ਆਪਣੇ ਵਿਚੋਂ ਕਈ ਗਰੁੱਪਾਂ ਦੀਆਂ ਪੁਜ਼ੀਸ਼ਨਾਂ ਹਾਕਮਾਂ ਦੀਆਂ ਪੁਜ਼ੀਸ਼ਨਾਂ ਦੇ ਨੇੜੇ ਤੇੜੇ ਪਹੁੰਚ ਰਹੀਆਂ ਹਨ। [ਸੁਰਖ ਰੇਖਾ ਵਗੈਰਾ] ਜਦੋਂ ਆਪਣੇ ਵਿਚੋਂ ਕੁਝ ਦੇ ਕੁਚੱਜੇ ਪੈਂਤੜੇ [ਦੇਖੋ ਸੁਰਖ ਰੇਖਾ ਮਾਰਚ 87 ਅਤੇ ਜਨਤਕ ਲੀਹ ਅਪਰੈਲ 87] ਉਹਨਾਂ ਦਾ ਪੁਲਸੀ ਟਾਊਟਾਂ ਵਾਲਾ ਨਕਸ਼ਾ ਬੰਨ੍ਹ ਰਹੇ ਹਨ ਅਤੇ ਪੈਗਾਮ ਵਾਲੇ ਕਹਿ ਰਹੇ ਹਨ ਇਹ ਨਿਘਾਰ ਸਿਆਸੀ ਲੀਹ ਦਾ ਹੀ ਲਾਜ਼ਮੀ ਸਿੱਟਾ ਹੈ, ਜਦੋਂ ਸਰਕਾਰ ਸਾਨੂੰ ਹਥਿਆਰਾਂ ਅਤੇ ਪੈਸਿਆਂ ਦੀ ਪੇਸ਼ਕਸ਼ ਕਰ ਰਹੀ ਹੈ। ਜੇ ਲੀਹ 'ਚ ਹੀ ਵਿਸ਼ਵਾਸ਼ ਡੋਲ ਜਾਵੇ ਤਾਂ ਕਾਰਕੁਨਾਂ ਕੋਲੋਂ ਜੀਅ ਜਾਨ ਨਾਲ ਕੰਮ ਨਹੀਂ ਹੋਇਆ ਕਰਦਾ।

ਪੈਗਾਮ ਵਿਰੁੱਧ ਸਾਂਝੇ ਹੱਲੇ ਦਾ ਹੁਣ ਤੱਕ ਦਾ ਤਜਰਬਾ ਹੈ ਕਿ ਇਹ ਕਾਰਗਰ ਸਾਬਤ ਨਹੀਂ ਹੋ ਰਿਹਾ। ਇਸੇ ਲਈ ਸਾਨੂੰ ਹਰ ਮਹੀਨੇ ਪਹਿਲਾਂ ਨਾਲੋਂ ਵੀ ਤਿੱਖਾ ਹੱਲਾ ਕਰਨਾ ਪੈ ਰਿਹਾ ਹੈ। ਮੈਨੂੰ ਇਸਦਾ ਕਾਰਨ ਇਹ ਲਗਦਾ ਹੈ ਕਿ ਅਸੀਂ ਬੁਨਿਆਦੀ ਨੁਕਤਿਆਂ ਤੇ ਬਹਿਸ ਕੇਂਦਰਤ ਨਹੀਂ ਕਰ ਸਕੇ ਸਿਰਫ਼ ਇਧਰ ਉਧਰ ਦੀਆਂ ਦੌਮ ਜਿਹੀਆਂ ਗੱਲਾਂ ਨਾਲ ਹੀ ਸਾਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਸ਼ਾਇਦ ਹਾਲੀ ਅਸੀਂ ਅਜਿਹਾ ਕਰਨ ਦੇ ਸਮਰੱਥ ਨਾਂ ਹੋਈਏ, ਪਰ ਅਜਿਹੀ ਸਮਰੱਥਾ ਹਾਸਲ ਕਰਨ ਲਈ ਸਾਨੂੰ ਆਪਣੀਆਂ ਕੋਸ਼ਿਸ਼ਾਂ ਇਧਰ ਦੇ ਪਾਸੇ ਜ਼ਰੂਰ ਜੁਟਾਉਣੀਆਂ ਚਾਹੀਦੀਆਂ ਹਨ। ਸਿਰਫ ਜੈਕਾਰਾ ਵਾਲੇ ਸਾਥੀਆਂ ਨੇ ਹੀ 'ਭਾਰਤ ਦੇ 'ਬਹੁ-ਕੌਮੀ ਖ਼ਾਸੇ" ਵਾਲੇ ਨੁਕਤੇ ਤੇ ਕੁਝ ਗੰਭੀਰ ਯਤਨ ਕੀਤੇ ਸਨ ਪਰ ਉਹਨਾਂ ਨੇ ਵੀ ਅਜਿਹੀ ਸੱਟ ਖਾਧੀ ਕਿ ਵਿਚ ਜਿਹੇ ਤਾਂ ਥੋੜੇ ਮੋਟੇ ਫਰਕਾਂ ਨਾਲ ਪੈਗਾਮ ਦੀ ਹੀ ਬੋਲੀ ਬੋਲਣ ਲਗ ਪਏ। ਇਨਕਲਾਬੀ ਏਕਤਾ ਕੇਂਦਰ 'ਚ ਸ਼ਾਮਲ ਹੋਣ ਤੋਂ ਬਾਅਦ ਉਹ ਕੁਝ ਸੰਭਲੇ ਲਗਦੇ ਹਨ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਸਾਨੂੰ ਇਕੱਲਿਆਂ ਇਕੱਲਿਆਂ ਸਿਰ ਭਨਵਾਉਣ ਦੀ ਥਾਂ ਤੇ ਆਪਣੀਆਂ ਬੌਧਿਕ ਤਾਕਤਾਂ ਨੂੰ ਇਕ ਥਾਂ ਇਕੱਠਿਆਂ ਕਰਨਾ ਚਾਹੀਦਾ ਹੈ। ਜੈਕਾਰਾ ਵਾਲੇ ਸਾਥੀਆਂ ਵਾਂਗ ਕੱਚਪੁਣੇ ਨਾਲ ਸਿਆਸੀ ਵਿਚਾਰਧਾਰਕ ਜਦੋ ਜਹਿਦ 'ਚ ਨਹੀਂ ਪੈਣਾ ਚਾਹੀਦਾ। ਜੇ ਹਾਲ ਦੀ ਘੜੀ ਸਾਰੇ ਗਰੁੱਪ ਨਹੀਂ ਮੰਨਦੇ ਤਾਂ ਘੱਟੋ ਘੱਟ ਇਨਕਲਾਬੀ ਏਕਤਾ ਕੇਂਦਰ ਅੰਦਰ ਸ਼ਾਮਲ ਗਰੁੱਪਾਂ ਦੇ ਪੜ੍ਹੇ ਲਿਖੇ ਕਾਮਰੇਡਾਂ ਦੀ ਇਕ ਕਮੇਟੀ ਬਨਾਉਣੀ ਚਾਹੀਦੀ ਹੈ ਜੋ ਕਿ ਇਸ ਅਹਿਮ ਕਾਰਜ ਨੂੰ ਹੱਥ 'ਚ ਲਵੇ।

ਸ਼ੁਭ ਇਛਾਵਾਂ ਨਾਲ,

ਤੁਹਾਡਾ ਸਾਥੀ, ਇਕਬਾਲ ਸਿੰਘ ਪੱਤੜ

## ਸੰਪਾਦਕ ਵਲੋਂ ਨੋਟ

ਇਕਬਾਲ ਸਿੰਘ ਹੋਰਾਂ ਵੱਲੋਂ ਜਿਹੜੇ ਨੁਕਤੇ ਉਠਾਏ ਗਏ ਹਨ, ਉਹਨਾਂ ਉਤੇ ਸਮਤਾ ਦੇ ਪਾਠਕਾਂ ਵਲੋਂ ਗੰਭੀਰ ਬਹਿਸ ਹੋਣੀ ਚਾਹੀਦੀ ਹੈ। ਪੰਜਾਬ ਵਿਚ ਜੋ ਵਰਤਾਰਾ ਵਰਤ ਰਿਹਾ ਹੈ, ਇਸ ਬਾਰੇ ਕਮਿਊਨਿਸਟ ਇਨਕਲਬੀਆਂ ਦਾ ਇਕ ਸਪੱਸ਼ਟ ਸਟੈਂਡ ਹੋਣਾ ਜ਼ਰੂਰੀ ਹੈ। ਕੁਝ ਨੁਕਤੇ ਜਿਹੜੇ ਇਕਬਾਲ ਸਿੰਘ ਹੋਰਾਂ ਉਠਾਏ ਹਨ, ਉਹ ਕੈਲੀਫੋਰਨੀਆਂ ਤੋਂ ਆਈ ਇਕ ਚਿੱਠੀ ਵਿਚ ਵੀ ਉਠਾਏ ਗਏ ਹਨ, ਜਿਨ੍ਹਾਂ ਦਾ ਜਵਾਬ ਮੈਂ ਨਿੱਜੀ ਹੈਸੀਅਤ ਵਿਚ ਦਿੱਤਾ ਹੈ। ਸਾਨੂੰ ਦੋ ਪਾਸੇ ਤੋਂ ਚੈਲਿੰਜ ਹੈ, ਇਕ ਪਾਸੇ ਭਾਰਤੀ ਸਟੇਟ ਹੈ, ਦੂਜੇ ਪਾਸੇ ਧਾਰਮਕ ਕੱਟੜਵਾਦ ਹੈ, ਦੋਨਾਂ ਕੋਲ ਲੋਕਾਂ ਵਿਚ ਦਹਿਸ਼ਤ ਪਾਉਣ ਲਈ ਹਥਿਆਰਾਂ ਦੀ ਤਾਕਤ ਹੈ। ਕਿਸੇ ਇਕ ਜਾਂ ਦੂਜੀ ਥਾਂ ਸਾਨੂੰ ਇਹਨਾਂ ਵਿਚੋਂ ਇਕ ਜਾਂ ਦੂਜੇ ਨਾਲ ਟੱਕਰ ਲੈਣੀ ਪੈਂਦੀ ਹੈ। ਇਹ ਟੱਕਰ ਲੈਂਦਿਆਂ ਅਸੀਂ ਇਕ ਜਾਂ ਦੂਜੀ ਧਿਰ ਦੇ ਹੱਕ ਵਿਚ ਨਾ ਭੁਗਤ ਜਾਈਏ, ਸਾਨੂੰ ਮੁਹਤਾਤ ਰਹਿਣ ਦੀ ਜ਼ਰੂਰਤ ਹੈ। ਇਨਕਲਾਬੀ ਏਕਤਾ ਕੇਂਦਰ ਵਲੋਂ ਜਦੋਂ ਅਸੀਂ 7 ਮਾਰਚ ਤੋਂ 8 ਅਪ੍ਰੈਲ ਤਕ ਆਪਣਾ ਇਨਕਲਾਬੀ ਕਾਫਲਾ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚੋਂ ਗੁਜ਼ਾਰ ਰਹੇ ਸਾਂ ਤਾਂ ਸਾਨੂੰ ਦੋਨਾਂ ਤਾਕਤਾਂ ਵਲੋਂ ਵਿਰੋਧਤਾ ਦਾ ਡਰ ਸੀ। ਇਸ ਲਈ ਇਹਦਾ ਮੁਕਾਬਲਾ ਕਰਨ ਲਈ ਤਿਆਰੀ ਕਰਨੀ ਪਈ ਸੀ। ਦੋ ਤਿੰਨ ਥਾਵਾਂ ਤੇ ਦੂਰੋਂ ਫਾਇਰ ਵੀ ਹੋਏ। ਇਹ ਖਾਲਿਸਤਾਨੀ ਪੱਖੀ ਲੋਕਾਂ ਵਲੋਂ ਹੋਏ। ਇਸੇ ਤਰ੍ਹਾਂ ਖਟਕੜਕਲਾਂ ਸਾਨੂੰ ਸਰਕਾਰੀ ਬੰਦਸ਼ਾਂ ਦਾ ਮੁਕਾਬਲਾ ਕਰਨਾ ਪਿਆ। ਸਾਥੀ ਮੋਘ ਰਾਜ ਭਗਤੂਆਣਾ ਦਾ ਨਾਂ ਲੈ ਕੇ ਜੇ ਖਾਲਿਸਤਾਨੀ ਪੱਖੀ ਜਲਸਿਆਂ ਵਿਚ ਧਮਕੀਆਂ ਦਿੱਤੀਆਂ ਜਾਣ ਤਾਂ ਮਜਬੂਰੀ ਤੌਰ ਤੇ ਸਾਡੇ ਸਾਥੀਆਂ ਨੂੰ ਹਥਿਆਰਾਂ ਨਾਲ ਲੈਸ ਹੋ ਕੇ ਜੈਤੋ ਵਿਚ ਵਿਖਾਵਾ ਕਰਨਾ ਪਿਆ। ਇਹ ਵਿਖਾਵੇ ਟੇਢੇ ਤਰੀਕੇ ਨਾਲ ਆਰਜ਼ੀ ਤੌਰ ਤੇ ਸਟੇਟ ਦੇ ਹੱਕ ਵਿਚ ਵੀ ਭੁਗਤ ਸਕਦੇ ਹਨ ਪਰ ਜੇਕਰ ਅਸੀਂ ਆਪਣੀ ਹੋਂਦ ਨੂੰ ਕਾਇਮ ਰਖਣਾ ਹੈ ਤਾਂ ਸਾਡੇ ਲਈ ਇਹ ਮਜਬੂਰੀ ਵਰਗੀ ਜ਼ਰੂਰਤ ਹੈ। ਇਹ ਸਾਡੀ ਸਿਆਸਤ ਦਾ ਨਿਖਾਰ ਨਹੀਂ। ਸਾਡੇ ਕੋਲ ਆਪਣੇ ਪ੍ਰਚਾਰ ਸਾਧਨਾਂ ਦੀ ਘਾਟ ਹੈ, ਇਸੇ ਕਰਕੇ ਬਹੁਤ ਵਾਰੀ ਸਾਡੇ ਵਲੋਂ ਕਹੀਆਂ ਸਪੱਸ਼ਟ ਗੱਲਾਂ ਨੂੰ ਵੀ ਟੇਢੇ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਇਨਕਲਾਬੀ ਏਕਤਾ ਕੇਂਦਰ ਵਲੋਂ ਚਲੇ ਕਾਫਲੇ ਵਿਚ ਅਸੀਂ 200 ਤੋਂ ਵੱਧ ਰੈਲੀਆਂ, ਕਾਨਫਰੰਸਾਂ ਅਤੇ ਨੁੱਕੜ ਨਾਟਕ ਕੀਤੇ। ਹਰ ਇਕ ਰੈਲੀ ਵਿਚ ਸਾਡੇ ਬੁਲਾਰਿਆਂ ਨੇ ਹਕੂਮਤੀ ਦਹਿਸ਼ਤਗਰਦੀ ਅਤੇ ਫਿਰਕੂ ਦਹਿਸ਼ਤਗਰਦੀ ਦੋਨਾਂ ਦਾ ਜ਼ੋਰਦਾਰ ਦਲੀਲਾਂ ਨਾਲ ਖੰਡਨ ਕੀਤਾ ਪਰ ਪ੍ਰੈਸ ਵਿਚ ਜਦੋਂ ਵੀ ਖਬਰ ਲਾਈ ਗਈ ਉਹ ਅਖਬਾਰ ਵਾਲਿਆਂ ਨੇ ਆਪਣੀਆਂ ਨੀਤੀਆਂ ਦੇ ਅਨੁਸਾਰ ਸੁਰਖੀਆਂ ਲਾ ਕੇ ਲਗਾਈ। ਅਸੀ ਜਿਹੜੀ ਤੀਜੀ ਧਿਰ ਦੀ ਇਨਕਲਾਬੀ ਸਿਆਸਤ ਲੈ ਕੇ ਲੋਕਾਂ ਵਿਚ ਗਏ, ਉਹਦਾ ਜ਼ਿਕਰ ਹੀ ਨਹੀਂ ਕੀਤਾ ਗਿਆ।

'ਪੰਜਾਬ ਦੀ ਮੂੰਹ ਬੋਲਦੀ ਤਸਵੀਰ' ਵਾਲੀ ਰੀਪੋਰਟ ਜੋ ਸਾਨੂੰ ਡਾਕ ਵਿਚ ਮਿਲੀ, ਉਹ ਇਕ ਸਰਕਾਰੀ ਮੁਲਾਜ਼ਮ ਦੀ ਤ੍ਰਾਸਦੀ ਦੀ ਕਹਾਣੀ ਸੀ, ਭਾਵੇਂ ਉਹ ਸਰਕਾਰੀ ਮੁਲਾਜ਼ਮ ਇਕ ਜੱਜ ਹੀ ਸੀ। ਇਸ ਰੀਪੋਰਟ ਦਾ ਵੱਡਾ ਮੰਤਵ ਉਹ ਅਸੁਰੱਖਿਆ ਨੂੰ ਧਿਆਨ ਵਿਚ ਲਿਆਉਣਾ ਸੀ ਜਿਸ ਅਸੁਰੱਖਿਆ ਵਿਚ ਅੱਜ ਪੰਜਾਬ ਦਾ ਇਕ ਸਾਧਾਰਨ ਸ਼ਹਿਰੀ ਜੀ ਰਿਹਾ ਹੈ। ਜੱਜ ਭਾਵੇਂ ਸਟੇਟ ਮਸ਼ੀਨਰੀ ਦਾ ਇਕ ਪੁਰਜ਼ਾ ਵੀ ਹੁੰਦਾ ਹੈ ਪਰ ਉਹ ਇਕ ਸ਼ਹਿਰੀ ਵੀ ਹੁੰਦਾ ਹੈ, ਇਹ ਸਾਨੂੰ ਨਹੀ ਭੁਲਣਾ ਚਾਹੀਦਾ।

ਇਹ ਰੀਪੋਰਟ ਬਰਨਾਲਾ ਜਾਂ ਰਾਜੀਵ ਦੇ ਉਹਨਾਂ ਕਥਨਾਂ ਨੂੰ ਖੰਡਨ ਕਰਦੀ ਹੈ, ਜਿਨ੍ਹਾਂ ਅਨੁਸਾਰ ਪੰਜਾਬ ਵਿਚ ਸਭ ਠੀਕ ਠਾਕ ਹੈ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਬਾਅਦ ਪਹਿਲੀ ਵਾਰ ਲੋਕ ਬੜੇ ਸੁਰੱਖਿਆ ਵਿਚ ਜੀ ਰਹੇ ਹਨ। ਚਿੱਠੀ ਵਿਚ ਦਿੱਤੇ ਗਏ ਆਖਰੀ ਸੁਝਾਅ ਤੇ ਅਮਲ ਬਹੁਤ ਜ਼ਰੂਰੀ ਹੈ। ਇਨਕਲਾਬੀ ਏਕਤਾ ਕੇਂਦਰ ਵਲੋਂ ਇਹ ਪੂਰਾ ਪ੍ਰੋਗਰਾਮ ਉਲੀਕਿਆ ਗਿਆ ਹੈ ਕਿ ਦਰਪੇਸ਼ ਮਸਲਿਆਂ ਉਤੇ ਪੂਰੀ ਤਰ੍ਹਾਂ ਸਿਧਾਂਤਕ ਬਹਿਸਾਂ ਕਰਵਾਈਆਂ ਜਾਣ। ਇਸੇ ਉਲੀਕੇ ਪ੍ਰੋਗਰਾਮ ਅਧੀਨ ਪਹਿਲਾ ਲੈਕਚਰ 22 ਅਪ੍ਰੈਲ ਲੁਧਿਆਣਾ ਪੰਜਾਬੀ ਭਵਨ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਹਿੰਦੋਸਤਾਨ ਦੇ ਪ੍ਰਸਿਧ ਮਾਰਕਸ ਚਿੰਤਨ ਪ੍ਰੋ. ਰਣਧੀਰ ਸਿੰਘ ਭਾਰਤੀ ਸਟੇਟ ਅਤੇ ਫਿਰਕਾਪ੍ਰਸਤੀ ਪੰਜਾਬ ਮਸਲੇ ਦੇ ਪ੍ਰਸੰਗ ਵਿਚ ਵਿਸ਼ੇ ਤੇ ਦੋ ਘੰਟੇ ਲਈ ਬੋਲਣਗੇ ਅਤੇ ਵਿਚਾਰ ਵਟਾਂਦਰਾ ਵੀ ਹੋਏਗਾ। ਇਹਦੀ ਪੂਰੀ ਰੀਪੋਰਟ ਜੇਕਰ ਸਮਤਾ ਦੇ ਛਪਣ ਤਕ ਤਿਆਰ ਹੋ ਗਈ ਤਾਂ ਇਸ ਵਾਰ ਦੇਵਾਂਗੇ, ਨਹੀਂ ਤਾਂ ਇਸਨੂੰ ਅਗਲੀ ਸਮਤਾ ਵਿਚ ਸ਼ਾਮਲ ਕਰਾਂਗੇ।

—ਗੁਰਸ਼ਰਨ ਸਿੰਘ

## 2. ਐਮਰੀ ਵਿਲੇ ਕੈਲੀਫੋਰਨੀਆ ਤੋਂ ਜੁਗਿੰਦਰ ਸਿੰਘ ਮਾਹਿਲ ਦੀ ਇਕ ਚਿੱਠੀ ਤੇ ਸਾਡੀ ਟਿਪਣੀ

ਗੁਰਸ਼ਰਨ ਭਾਜੀ, ਸਤਿ ਸ੍ਰੀ ਅਕਾਲ, ਅਪ੍ਰੈਲ ਦੇ ਸਮਤਾ ਵਿਚ ਆਪ ਨੂੰ ਮਿਲਣ ਵਾਲੇ ਸਰਕਾਰੀ ਸਨਮਾਨ ਬਾਰੇ ਪੜ੍ਹਿਆ ਤਾਂ ਮਨ ਨੂੰ ਕੋਈ ਖਾਸ ਖੁਸ਼ੀ ਨਹੀਂ ਹੋਈ

ਕਿਉਂਕਿ ਇਹ ਕੋਈ ਤੁਹਾਨੂੰ ਤੁਹਾਡੀ ਕਲਾ ਦਾ ਸਨਮਾਨ ਨਹੀਂ, ਸਗੋਂ ਤੁਹਾਨੂੰ ਖਾਲਿਸਤਾਨ ਦੀ ਮੰਗ ਕਰ ਰਹੇ ਸਿਖਾਂ ਦੇ ਖਿਲਾਫ ਬੋਲਣ ਦਾ ਸਨਮਾਨ ਹੈ। ਕਿਉਂਕਿ ਹਿੰਦੋਸਤਾਨ ਦੀ ਸਰਕਾਰ ਨੇ ਕਦੇ ਵੀ ਉਸ ਕਲਾ ਦਾ ਸਨਮਾਨ ਨਹੀਂ ਕੀਤਾ ਜਿਸ ਤੋਂ ਉਸਦੀ ਕੁਰਸੀ ਨੂੰ ਖਤਰਾ ਹੋਵੇ। ਹਾਂ ਇਹੀ ਸਨਮਾਨ ਜੇ ਤੁਹਾਨੂੰ ਹੀਰ ਰਾਂਝਾ ਜਾਂ ਮਿਰਜ਼ਾਂ ਸਾਹਿਬਾਂ ਦੇ ਕਿੱਸੇ ਗਾਉਣ ਕਾਰਨ ਮਿਲਦਾ ਤਾਂ ਅਸੀਂ ਮੰਨ ਲੈਂਦੇ ਕਿ ਤੁਹਾਡੀ ਕਲਾ ਨੂੰ ਇਨਾਮ ਮਿਲਿਆਂ ਹੈ। ਹੁਣ ਮੈਂ ਵਿਸਥਾਰ ਨਾਲ ਲਿਖਦਾ ਹਾਂ ਕਿ ਤੁਹਾਨੂੰ ਇਹ ਇਨਾਮ ਕਿਉਂ ਮਿਲ ਰਿਹਾ ਹੈ।

ਭਾ ਜੀ ਸਰਕਾਰ ਸਿਖ, ਹਿੰਦੂ ਤੇ ਮੁਸਲਮਾਨ ਧਰਮਾਂ ਵਾਂਗ ਤੁਹਾਨੂੰ ਕਾਮਰੇਡਾਂ ਨੂੰ ਵੀ ਇਕ ਧਰਮ ਸਮਝਦੀ ਹੈ। ਜੋ ਰੱਬ ਦੀ ਹੋਂਦ ਨੂੰ ਨਹੀਂ ਮੰਨਦੇ। ਦੂਜਾ ਜਿਸ ਤਰ੍ਹਾਂ ਤੁਸੀਂ ਫਿਰਕਾਪ੍ਰਸਤੀ ਦੇ ਖਿਲਾਫ ਬੋਲਦੇ ਹੋ ਉਹ ਸਰਕਾਰ ਦੇ ਹੱਕ ਵਿੱਚ ਜਾਂਦਾ ਹੈ। ਇਸ ਲਈ ਸਰਕਾਰ ਸਿਧੇ ਜਾਂ ਅਸਿੱਧੇ ਤਰੀਕੇ ਨਾਲ ਤੁਹਾਡੀ ਮੱਦਦ ਕਰਨਾ ਚਾਹੁੰਦੀ ਹੈ। ਤਾਂ ਜੋ ਕਿ ਤੁਸੀਂ ਸਿਖਾਂ ਦੇ ਨਾਲ ਲੜੀ ਜਾਂਵੋ ਤੇ ਸਿੱਖ ਤੁਹਾਡੇ ਨਾਲ ਲੜੀ ਜਾਣ ਤੇ ਸਰਕਾਰ ਵੱਲ ਕਿ ਸਰਕਾਰ ਕੀ ਕਰਦੀ ਹੈ ਕਿਸੇ ਨੂੰ ਦੇਖਣ ਦਾ ਮੌਕਾ ਨਾ ਮਿਲੇ।

ਬਾਕੀ ਜੋ ਤੁਸੀਂ ਲਿਖਿਆ ਕਿ ਜੋ 10,000/- ਦੀ ਰਕਮ ਲੋਕ ਸੇਵਾ ਲਈ ਮਿਲਦੀ ਹੈ ਤਾਂ ਕੀ ਮਾੜਾ ਹੈ ਪਰ ਭਾਜੀ ਇਹ ਮਾਇਆ ਇਕੱਠੀ ਕਰਨ ਦੇ ਕਈ ਤਰੀਕੇ ਹਨ। ਜਿਸ ਤਰ੍ਹਾਂ ਮੈਂ ਅੱਗੇ ਵੀ ਤੁਹਾਨੂੰ ਲਿਖਿਆ ਸੀ ਕਿ ਤੁਸੀਂ ਸਮਤਾ ਵਿਚ ਇਸ਼ਤਿਹਾਰ ਛਾਪ ਕੇ ਲੋਕ ਭਲਾਈ ਦੇ ਕੰਮਾਂ ਦੀ ਆਮਦਨ ਵਿਚ ਵਾਧਾ ਕਰੋ ਅਤੇ ਸਮਤਾ ਦੇ ਅਕਾਰ ਵਿਚ ਵਾਧਾ ਕਰੋ।

ਹਾਂ, ਇਕ ਗੱਲ ਹੋਰ ਤੁਸੀਂ ਸਮਤਾ ਵਿਚ ਪਾਲ ਸਿੰਘ ਦੀਆਂ ਲਿਖਤਾਂ ਨੂੰ ਛਾਪਣਾ ਬੰਦ ਕਰਕੇ ਇਕ ਭੁੱਲ ਕੀਤੀ ਹੈ ਕਿਉਂਕਿ ਸਮਤਾ ਇਕ ਲੋਕ ਜਮਹੂਰੀ ਪਰਚਾ ਹੈ ਅਤੇ ਇਸ ਵਿਚ ਹਰ ਇਕ ਨੂੰ ਲੋਕ ਪੱਖੀ ਲਿਖਣ ਲਈ ਥਾਂ ਮਿਲਣੀ ਚਾਹੀਦੀ ਹੈ। ਪਾਲ ਸਿੰਘ ਵੀ ਲੋਕਾਂ ਦੇ ਇਕ ਅੰਗ ਸਿੱਖਾਂ ਦੀ ਗੱਲ ਕਰ ਰਿਹਾ ਸੀ ਕੋਈ ਝੂਠੀ ਸਰਕਾਰ ਦੇ ਹੱਕ ਵਿਚ ਨਹੀਂ ਸੀ ਲਿਖ ਰਿਹਾ।

ਹੋਰ ਜੋ ਮਾਰਕਸਵਾਦ, ਮਾਓਵਾਦ ਤੇ ਲੈਨਿਨਵਾਦ ਤੇ ਬਹਿਸ ਚੱਲ ਰਹੀ ਸੀ ਉਹ ਬਿਲਕੁਲ ਫਜ਼ੂਲ ਸੀ ਕਿਉਂਕਿ ਚੀਨ ਵਿਚ ਮਾਓਵਾਦ ਤੇ ਰੂਸ ਵਿਚ ਲੈਨਿਨਵਾਦ ਬਿਲਕੁਲ ਫੇਲ ਹੋ ਚੁਕਿਆ ਹੈ ਅਤੇ ਜਰਮਨ ਵਿਚ ਕਦੇ ਪੂਰਾ ਮਾਰਕਸਵਾਦ ਲਾਗੂ ਹੋਇਆ ਹੀ ਨਹੀਂ ਹੈ। ਬਾਕੀ ਕੌਮਨਿਜ਼ਮ ਤੇ ਕੈਪੀਟਲਿਜ਼ਮ ਇਕੋ ਸਿੱਕੇ ਦੇ ਦੋ ਪਾਸੇ ਹਨ, ਦੋਨਾਂ ਵਿਚ ਹੀ ਗੁਣ ਤੇ ਔਗੁਣ ਹਨ। ਹੋਰ ਮਾਰਕਸਵਾਦ ਇਕ ਥੀਉਰੀ ਹੈ ਜਿਸ ਨੂੰ ਅਮਲੀ ਰੂਪ ਵਿਚ ਲਾਗੂ ਕਰਨਾ ਨਾਮੁਮਕਿਨ ਨਹੀਂ ਤਾਂ ਮੁਸ਼ਕਲ ਬਹੁਤ ਹੈ। ਮੇਰਾ ਖਿਆਲ ਹੈ ਕਿ ਇੰਡੀਆ ਦੀ 90% ਵਸੋਂ ਨੇ ਕਦੇ ਵੀ ਰੂਸ ਜਾਂ ਚੀਨ ਜਾ ਕੇ ਨਹੀਂ ਦੇਖਿਆ ਹੋਣਾ ਹੈ ਕਿ ਉਥੇ ਕੀ ਭੰਗ ਭੁੱਜਦੀ ਹੈ। ਅਤੇ ਨਾ ਹੀ ਕਦੇ ਉਥੇ ਜਾਣ ਦਾ ਸੋਚਿਆ ਹੋਣਾ ਹੈ ਜਦ ਕਿ ਇਸ ਦੇ ਉਲਟ ਹਰ ਕੋਈ ਅਮਰੀਕਾ ਕਨੇਡਾ ਤੇ ਇੰਗਲੈਂਡ ਨੂੰ ਦੌੜਦਾ ਹੈ ਜਦ ਕਿ ਤੁਸੀਂ ਆਪ ਵੀ ਦੋ ਵਾਰੀ ਫਿਰ ਕੇ ਦੇਖ ਗਏ ਹੋ ਕਿ ਇਥੇ ਜ਼ਿੰਦਗੀ ਕਿੰਨੀ ਸਖਤ ਹੈ। ਪਰ ਮੈਨੂੰ ਸਮਝ ਨਹੀਂ ਲਗਦੀ ਕਿ ਪਾਸ਼ ਤੇ ਸਾਥੀ ਲੁਧਿਆਣਵੀ ਵਰਗੇ ਕਮਿਊਨਿਸਟ ਲੋਕ ਵੀ ਰੂਸ, ਚੀਨ ਜਾਂ ਹਿੰਦੋਸਤਾਨ ਦੀ ਥਾਂ ਅਮਰੀਕਾ ਜਾਂ ਇੰਗਲੈਂਡ ਵਿਚ ਰਹਿਣਾ ਕਿਉਂ ਪਸੰਦ ਕਰਦੇ ਹਨ ?

ਖੱਤ ਦੇ ਅੰਤ ਵਿਚ ਮੈਂ ਆਪ ਨੂੰ ਤੇ ਇਨਕਲਾਬੀ ਏਕਤਾ ਕੇਂਦਰ ਦੇ ਸਾਥੀਆਂ ਨੂੰ ਇਕ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਤੁਹਾਨੂੰ ਐਵੇਂ ਮਾਰਕਸਵਾਦ ਜਾਂ ਮਾਓਵਾਦ ਦੇ ਪ੍ਰਚਾਰ ਲਈ ਟਾਇਮ ਨਹੀਂ ਖਰਾਬ ਕਰਨਾ ਚਾਹੀਦਾ ਸਗੋਂ 1. ਤੁਹਾਨੂੰ ਇੰਡੀਅਨ ਲੋਕਾਂ ਲਈ ਆਪਣੀ ਨਵੀਂ ਥਿਊਰੀ ਕਾਇਮ ਕਰਨੀ ਚਾਹੀਦੀ ਹੈ ਜੋ ਸਮੇਂ ਦੇ ਅਨੁਕੂਲ ਹੋਵੇ। ਅਤੇ ਇੰਡੀਅਨ ਸਮਾਜ ਨਾਲ ਢੁੱਕਦੀ ਹੋਵੇ। 2. ਹੋਰ ਤੁਹਾਨੂੰ ਲੋਕ ਪੱਖੀ ਲੋਕਾਂ ਨੂੰ ਧਰਮਾਂ ਦੇ ਖਿਲਾਫ ਵੀ ਨਹੀਂ ਬੋਲਣਾ ਚਾਹੀਦਾ ਤੇ ਨਾ ਹੀ ਖਾਲਿਸਤਾਨੀਆਂ ਦੇ ਖਿਲਾਫ।। ਹਾਂ ਇਕ ਗੱਲ ਹੈ ਜਿਸ ਤਰ੍ਹਾਂ 69,70,71 ਵਿਚ ਨਕਸਲਬਾੜੀ ਲਹਿਰ ਦੇ ਨਾਂ ਤੇ ਕਈ ਗਲਤ ਕੰਮ ਹੋਏ ਸੀ ਉਸ ਤਰਾਂ ਅੱਜ ਖਾਲਿਸਤਾਨ ਦੀ ਲਹਿਰ ਦੇ ਨਾਂ ਤੇ ਵੀ ਕਈ ਕੰਮ ਗਲਤ ਹੋ ਰਹੇ ਹਨ। ਜੋ ਕਿ ਨਹੀਂ ਹੋਣੇ ਚਾਹੀਦੇ। ਪਰ ਸਾਨੂੰ ਚੋਰ ਨੂੰ ਮਾਰਨ ਤੋਂ ਪਹਿਲਾਂ ਚੋਰ ਦੀ ਮਾਂ ਨੂੰ ਮਾਰਨਾ ਚਾਹੀਦਾ ਹੈ। ਨਹੀਂ ਤੇ ਉਸਨੇ ਹੋਰ ਜੰਮੀ ਹੀ ਜਾਣੇ ਹਨ। ਤੇ ਉਹ ਚੋਰ ਦੀ ਮਾਂ ਹੈ ਭਾਰਤ ਸਰਕਾਰ ਜੋ ਉਹ ਚਾਹੁਣ ਤਾਂ ਅੱਜ ਵੀ ਮੱਸਲਾ ਹੱਲ ਕਰ ਸਕਦੇ ਹਨ। ਪਰ ਕਰਨਾ ਨਹੀਂ ਚਾਹੁੰਦੇ ਉਹਨਾਂ ਨੂੰ ਲੋਕਾਂ ਨਾਲੋਂ ਹਰਿਆਣੇ ਦੀਆਂ ਵੋਟਾਂ ਦਾ ਜ਼ਿਆਦਾ ਫਿਕਰ ਹੈ। ਸੋ ਤੁਹਾਨੂੰ ਹੇਠ ਲਿਖੀਆਂ ਗੱਲਾਂ ਵੱਲ ਜ਼ਿਆਦਾ ਧਿਆਨ ਦੇਣਾਂ ਚਾਹੀਦਾ ਹੈ। (1) ਦਿੱਲੀ ਦੇ ਦੰਗਿਆਂ ਦੇ ਦੋਸ਼ੀ ਹਰਕਿਸ਼ਨ ਲਾਲ ਭਗਤ ਵਰਗਿਆਂ ਨੂੰ ਪਰਲੀਮੈਂਟ ਚੋਂ ਕਢਵਾ ਕੇ ਜੇਲ ਪਹੁੰਚਾਉਣਾ 2. ਯੂ. ਪੀ. ਵਿਚ ਅਯੁਧਿਆ ਦੇ ਮੰਦਰ ਜਾਂ ਮਸਜਿਦ ਨੂੰ ਦੁਬਾਰਾ ਬੰਦ ਕਰਵਾਉਣਾ ਚਾਹੀਦਾ ਹੈ। 3. ਸਟੇਟਾਂ ਨੂੰ ਵੱਧ ਅਧਿਕਾਰ ਦੁਆਵੋ। ਇਹ ਹੀ ਤਿੰਨ ਵੱਡੀਆਂ ਅੱਜ ਦੇ ਸਮੇਂ ਮੁਤਾਬਕ ਮੰਗਾਂ ਹਨ। ਬਾਕੀ ਤੁਸੀਂ ਮੇਰੇ ਨਾਲੋਂ ਆਪ ਸਿਆਣੇ ਹੋ।

**ਸੁਰਿੰਦਰ ਸਿੰਘ ਮਾਹਿਲ ਜੀ,** ਆਪ ਜੀ ਵਲੋਂ ਉਠਾਏ ਗਏ ਜ਼ਰੂਰੀ ਨੁਕਤਿਆਂ ਨੂੰ ਪਾਠਕਾਂ ਨਾਲ ਸਾਂਝੇ ਕਰਦੇ ਹੋਏ ਵਿਚਾਰ ਵਟਾਂਦਰੇ ਨੂੰ ਅੱਗੇ ਲਿਜਾ ਰਿਹਾ ਹਾਂ। ਸਨੰਮਾਨ ਦੇ ਬਾਰੇ ਮੈਂ ਆਪਣਾ ਪੱਖ ਅਪ੍ਰੈਲ ਸਮਤੋਂ ਵਿਚ ਇਸ ਲਈ ਰੱਖਿਆ ਸੀ ਕਿ ਇਸ ਬਾਰੇ ਅਸੀਂ ਕੋਈ ਸਾਂਝੀ ਸੋਚ ਬਣਾਂ ਸਕੀਏ। ਇਹ ਇਸ ਲਈ ਨਹੀਂ ਚੁੱਕਿਆ ਕਿ ਮੈਂ ਕੋਈ ਇਨਾਮ ਲੈਣ ਲਈ ਉਤਾਵਲਾ ਹਾਂ ਤੇ ਇਸ ਪੱਖ ਵਿਚ ਦਲੀਲ ਦੇ ਰਿਹਾ ਹਾਂ। ਇਹ ਮਸਲਾ ਲੋਕ ਪੱਖੀ ਲੇਖਕਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਅੱਗੇ ਵਾਰ ਵਾਰ ਆਉਣਾ ਹੈ। ਟੀ.ਵੀ., ਟੈਕਸਟ ਬੁਕਾਂ, ਭਾਸ਼ਾ ਵਿਭਾਗਾਂ ਆਦਿਕ ਵਿਚ ਉਹਨਾਂ ਦੀਆ ਰਚਨਾਵਾਂ ਦਾ ਚੁਣਿਆ ਜਾਣਾ ਜਾਂ ਉਹਨਾਂ ਦੀਆਂ ਸਾਹਿਤਕ ਕ੍ਰਿਤਾ ਕਰਕੇ ਉਹਨਾਂ ਨੂੰ ਸਨਮਾਨਿਆ ਜਾਣਾ ਜਾਂ ਭਾਸ਼ਾ ਵਿਭਾਗ ਵਲੋਂ ਬਜ਼ੁਰਗ ਲੇਖਕਾਂ ਨੂੰ ਵਜ਼ੀਫੇ ਦਿਤੇ ਜਾਣਾ, ਇਹ ਅੱਜ ਦੀ ਸਟੇਟ ਦੇ ਵਰਤਾਰੇ ਵਿਚ ਆਮ ਜਿਹੀਆਂ ਗੱਲਾਂ ਹੋਨ। ਭਾਰਤ ਵਿਚ ਹਾਲੇ ਇਹ ਦੋ ਟੁੱਕ ਵਾਲੀ ਹਾਲਤ ਨਹੀਂ ਪੁੱਜੀ ਕਿ ਸਟੇਟ ਦੇ ਹਰ ਵਰਤਾਰੇ ਬਾਰੇ ਲੋਕ ਦੋਖੀ ਜਾਂ ਲੋਕ ਪੱਖੀ ਪੁਜ਼ੀਸ਼ਨ ਲੈ ਕੇ ਉਸ ਨੂੰ ਬਾਈਕਾਟ ਜਾਂ ਸਵੀਕਾਰ ਕੀਤਾ ਜਾਏ। ਇਸ ਲਈ ਸਾਰੇ ਪਹਿਲੂਆਂ ਨੂੰ ਵੇਖਦਿਆਂ ਵਿਚਾਰ ਵਟਾਂਦਰਾ ਜ਼ਰੂਰੀ ਸਮਝਿਆ ਗਿਆ ਹੈ। ਇਸੇ ਸਿਲਸਿਲੇ ਵਿਚ ਤੁਸੀਂ ਇਹ ਲਿਖਿਆ ਹੈ ਕਿ ਇਹ ਸਨੰਮਾਨ ਮੇਰੀ ਕਲਾ ਕਰਕੇ ਨਹੀਂ ਸਗੋਂ ਖਾਲਿਸਤਾਨ ਦੇ ਵਿਰੋਧੀ ਹੋਣ ਕਰਕੇ ਦਿੱਤਾ ਗਿਆ ਹੈ। ਸਰਕਾਰ ਇਸ ਬਾਰੇ ਕੀ ਸੋਚਦੀ ਹੈ, ਇਹ ਤਾਂ ਸਰਕਾਰ ਵਾਲੇ ਹੀ ਦਸ ਸਕਦੇ ਹਨ। ਪਰ ਬਗੈਰ ਬਹਿਸ ਪਏ ਮੈਂ ਸਪੱਸ਼ਟ ਕਹਿ ਸਕਦਾ ਹਾਂ ਕਿ ਮੈਂ ਜਾਂ ਸਾਡੀ ਲਹਿਰ ਵਾਲੇ ਅਸੂਲਨ ਤੌਰ ਤੇ ਹਰ ਇਕ ਉਸ ਲਹਿਰ ਦੇ ਵਿਰੁੱਧ ਹਾਂ, ਜਿਸਦਾ ਆਧਾਰ ਧਾਰਮਕ ਮੂਲਵਾਦ ਉਤੇ ਹੋਵੇ, ਭਾਵੇਂ ਇਹ ਲਹਿਰ ਪਾਕਿਸਤਾਨ ਵਿਚ ਹੈ, ਈਰਾਨ ਵਿਚ ਹੈ ਜਾਂ ਖਾਲਿਸਤਾਨ ਦੀ ਸ਼ਕਲ ਵਿਚ ਹੈ। **ਅਸੀਂ ਭਾਰਤ ਦੀ ਸਟੇਟ ਨੂੰ ਵੀ ਧਾਰਮਕ ਮੂਲਵਾਦ ਨੂੰ ਪੱਠੇ ਪਾਉਣ ਲਈ ਵੱਡਾ ਦੋਸ਼ੀ ਠਹਿਰਾਉਂਦੇ ਹਾਂ।** ਖਾਲਿਸਤਾਨ ਦੀ ਲਹਿਰ ਕੋਈ ਇਲਾਕਾਈ ਖੁਦਮੁਖ਼ਤਿਆਰੀ ਦੀ ਲਹਿਰ ਨਹੀਂ। ਇਸ ਲਹਿਰ ਦੇ ਹਾਮੀ ਆਪਣੇ ਨਿਸ਼ਾਨੇ ਦਾ ਕੋਈ ਲਕੋ ਨਹੀਂ ਰੱਖਦੇ। ਉਹ ਆਪਣੀ ਲਿਟਰੇਚਰ ਦੀ ਹਰ ਇਕ ਸਤਰ ਵਿਚ ਆਪਣੇ ਨਿਸ਼ਾਨੇ ਨੂੰ ਦੁਹਰਾਂਦੇ ਹਨ ਕਿ ਉਹਨਾਂ ਦਾ ਨਿਸ਼ਾਨਾ **ਖਾਲਸਾ ਰਾਜ** ਦੀ ਸਥਾਪਨਾ ਹੈ। ਉਹ ਖਾਲਸਾ ਰਾਜ ਕਿਹੜੇ ਅਸੂਲਾਂ ਤੇ ਚਲੇਗਾ, ਉਹਦੇ ਬਾਰੇ ਵੀ ਉਹ ਕੋਈ ਭੁਲੇਖਾ ਨਹੀਂ ਰਹਿਣ ਦੇਂਦੇ। **ਉਹ ਰਾਜ ਪੂਰੀ ਤਰ੍ਹਾਂ ਇਕ ਧਾਰਮਕ ਕੱਟੜਵਾਦੀ ਰਾਜ ਹੋਵੇਗਾ।** ਜਦੋਂ ਉਹ ਕੋਈ ਭੁਲੇਖਾ ਨਹੀਂ ਰੱਖਦੇ ਤਾਂ ਅਸੀਂ ਖਾਮਖਾਹ ਕਿਉਂ ਭੁਲੇਖਿਆਂ ਵਿਚ ਪਈਏ। ਅਸੀਂ ਭਾਰਤ ਦੀ ਸਟੇਟ ਦੇ ਵਿਰੋਧੀ ਹਾਂ। ਖਾਲਿਸਤਾਨ ਪੱਖੀ ਵੀ ਭਾਰਤ ਦੀ ਸਟੇਟ ਦੇ ਵਿਰੋਧੀ ਹਨ। ਇਹ ਵਿਰੋਧਤਾ ਸਾਂਝੀ ਹੁੰਦੇ ਹੋਏ ਵੀ **ਸਾਡੀ ਖਾਲਿਸਤਾਨ ਪੱਖੀਆਂ ਨਾਲ ਕੋਈ ਸਾਂਝ ਨਹੀਂ ਹੋ ਸਕਦੀ** ਕਿਉਂਕਿ ਜਿਸ ਪੈਂਤੜੇ ਤੋਂ ਉਹ ਭਾਰਤੀ ਸਟੇਟ ਦਾ ਵਿਰੋਧ ਕਰ ਰਹੇ ਹਨ, ਅਸੀਂ ਉਸ ਪੈਂਤੜੇ ਦੇ ਬੁਨਿਆਦੀ ਤੌਰ ਤੇ ਵਿਰੋਧੀ ਹਾਂ। ਸਾਡੀ ਸਾਂਝ ਭਾਰਤ ਵਿਚ ਕ੍ਰੋੜਾਂ ਵੱਸਦੇ ਹੋਏ ਉਹਨਾਂ ਲੋਕਾਂ ਨਾਲ ਹੈ ਜੋ ਜਾਬਰ ਤੇ ਭ੍ਰਿਸ਼ਟ ਭਾਰਤੀ ਸਟੇਟ ਦੇ ਵਿਰੁੱਧ ਸੰਘਰਸ਼ ਕਰ ਰਹੇ ਹਨ। ਇਸੇ ਤਰ੍ਹਾਂ ਇਸੇ ਪੜਾਅ ਤੇ ਭਾਰਤੀ ਸਟੇਟ ਵੀ ਖਾਲਿਸਤਾਨ ਦੇ ਵਿਰੁੱਧ ਹੈ ਤੇ ਅਸੀਂ ਵੀ ਖਾਲਿਸਤਾਨ ਦੇ ਵਿਰੋਧੀ ਹਾਂ। ਇਹ ਵਿਰੋਧਤਾ ਸਾਂਝੀ ਹੁੰਦੇ ਹੋਏ ਵੀ **ਸਾਡੀ ਭਾਰਤੀ ਸਟੇਟ ਨਾਲ ਕੋਈ ਸਾਂਝ ਨਹੀਂ ਹੋ ਸਕਦੀ** ਕਿਉਂਕਿ 'ਦੇਸ਼ ਦੀ ਏਕਤਾ' ਵਾਲੇ ਅਤੇ 'ਕੇਂਦਰੀਕਰਨ' ਵਰਗੇ ਪੈਂਤੜਿਆਂ ਤੋਂ ਜਦੋਂ ਉਹ ਖਾਲਿਸਤਾਨੀਆਂ ਨੂੰ ਵੱਖਵਾਦੀ ਕਹਿ ਕੇ ਉਹਨਾਂ ਦੀ ਵਿਰੋਧਤਾ ਕਰਦੇ ਹਨ ਤਾਂ ਅਸੀਂ ਉਹਨਾਂ ਪੈਂਤੜਿਆਂ ਦੇ ਬੁਨਿਆਦੀ ਤੌਰ ਤੇ ਵਿਰੋਧੀ ਹਾਂ। ਅਸੀਂ ਇਲਾਕਾਈ ਖੁਦਮੁਖਤਿਆਰੀ ਦੇ ਹੱਕ ਵਿਚ ਹਾਂ। ਸਾਡੀ ਖਾਲਿਸਤਾਨੀ ਲਹਿਰ ਦੀ ਬੁਨਿਆਦੀ ਵਿਰੋਧਤਾ ਉਸ ਲਹਿਰ ਦੇ 'ਧਾਰਮਕ ਕੱਟੜਵਾਦੀ' ਹੋਣ ਕਰਕੇ ਹੈ। ਅਸੀਂ ਪੂਰੀ ਤਰ੍ਹਾਂ ਸਪੱਸ਼ਟ ਹਾਂ ਕਿ **ਖਾਲਿਸਤਾਨ ਦਾ ਵਿਰੋਧ ਕਰਦਿਆਂ ਵੀ ਸਾਡੀ ਭਾਰਤੀ ਸਟੇਟ ਨਾਲ ਕੋਈ ਸਾਂਝ ਨਹੀਂ।** ਸਾਡੇ ਕੁਝ ਸਾਥੀ ਜੇਕਰ ਇਹ ਸਮਝਣ ਕਿ ਖਾਲਿਸਤਾਨ ਦਾ ਵਿਰੋਧ ਕਰਦੇ ਹੋਏ ਅਸੀਂ ਭਾਰਤੀ ਸਟੇਟ ਦਾ ਪੱਖ ਪੂਰਦੇ ਹਾਂ ਤਾਂ ਇਹ ਕਿਸੇ ਚੀਜ਼ ਨੂੰ ਸਿਰ ਪਰਨੇ ਕਰਕੇ ਵੇਖਣ ਵਾਲੀ ਗੱਲ ਹੈ। ਇਕ ਹੋਰ ਰੁਚੀ ਵੀ ਵੇਖਣ ਵਿਚ ਆਈ ਹੈ ਜੋ ਕਿ ਸਾਡੇ 'ਪੈਗਾਮ' ਵਾਲੇ ਸਾਥੀਆਂ ਦੇ ਸਟੈਂਡ ਤੋਂ ਪ੍ਰਤੱਖ ਹੈ, ਉਹ ਇਹ ਹੈ ਕਿ ਖਾਲਿਸਤਾਨੀ ਲਹਿਰ ਨੂੰ 'ਨੈਸ਼ਨਲਿਟੀ' ਜਾਂ ਪੰਜਾਬੀ ਕੌਮ ਦੀ ਮੁਕਤੀ ਨਾਲ ਜੋੜਦੇ ਹਨ। ਖਾਲਿਸਤਾਨ ਵਾਲੇ ਤਾਂ ਆਪਣਾ ਨਿਸ਼ਾਨਾ ਸਪੱਸ਼ਟ ਆਪਣੇ ਮੂੰਹੋਂ ਸਿੱਖ ਰਾਜ ਦੱਸਦੇ ਹਨ ਪਰ ਸਾਡੇ ਇਹ ਸਾਥੀ ਬਦੋਬਦੀ ਉਹਨਾਂ ਦੇ ਮੂੰਹ ਵਿਚ ਪੰਜਾਬੀ ਕੌਮ ਦੀ ਦਲੀਲ ਪਾਂਦੇ ਹਨ ਤੇ ਇਕ ਧਾਰਮਕ ਕੱਟੜਵਾਦੀ ਲਹਿਰ ਨੂੰ ਕੌਮਾਂ ਦੀ ਮੁਕਤੀ ਲਹਿਰਾਂ ਨਾਲ ਜੋੜ ਕੇ ਉਹਨੂੰ ਮਾਨਤਾ ਦੇਂਦੇ ਹਨ। ਇਸ ਗ਼ਲਤ ਰੁਚੀ ਦਾ ਵੀ ਵਿਰੋਧ ਕਰਨਾ ਸਾਡਾ ਫਰਜ਼ ਹੈ।

ਬਜ਼ੁਰਗ ਸਾਥੀ ਪਾਲ ਸਿੰਘ ਜੀ ਨਾਲ ਬਹਿਸ ਨੂੰ ਅੱਗੇ ਨਾ ਲਿਜਾਣ ਦਾ ਇਕੋ ਕਾਰਨ ਹੈ ਕਿ ਉਹਨਾਂ ਦੀ

ਦਲੀਲ ਅਤੇ ਸਾਡੇ ਜਵਾਬਾਂ ਵਿਚ ਦੁਹਰਾ ਆ ਰਿਹਾ ਸੀ ਤੇ ਸਮਤਾ ਦੇ ਪਾਠਕਾਂ ਨੇ ਇਸ ਬਾਰੇ ਕਾਫੀ ਰੋਸ ਭਰੀਆਂ ਚਿੱਠੀਆਂ ਲਿਖੀਆਂ ਸਨ। ਉਂਜ ਸਾਥੀ ਪਾਲ ਸਿੰਘ ਬਕਾਇਦਾ ਤੌਰ ਤੇ ਆਪਣੇ ਮੈਗਜ਼ੀਨ 'ਪੰਜਾਬੀ ਕ੍ਰੌਮ' ਵਿਚ ਲਿਖ ਰਹੇ ਹਨ। ਸੰਪਰਕ ਪਤਾ : ਪਿੰਡ ਤੇ ਡਾਕਖਾਨਾ ਜੇਠੂ ਨੰਗਲ, ਜ਼ਿਲ੍ਹਾ ਅਮ੍ਰਿਤਸਰ ਹੈ।

ਜਿਥੋਂ ਤਕ ਤੁਸੀਂ ਮਾਰਕਸ, ਲੈਨਿਨ ਜਾਂ ਮਾਓ ਬਾਰੇ ਲਿਖਿਆ ਹੈ, ਇਹ ਵਿਚਾਰਨ ਵਾਲੀ ਗੱਲ ਹੈ, ਰੂਸ ਅਤੇ ਚੀਨ ਵਿਚ ਜੇਕਰ ਆਦਰਸ਼ਕ ਸਮਾਜ ਨਹੀਂ ਬਣ ਸਕੇ ਤਾਂ ਇਸ ਬਾਰੇ ਘੋਖ ਜ਼ਰੂਰੀ ਹੈ। ਮਾਰਕਸਵਾਦੀ ਅਤੇ ਗੈਰਮਾਰਕਸਵਾਦੀ ਵੀ ਵੱਖ ਵੱਖ ਵਿਧੀਆਂ ਨਾਲ ਇਹ ਘੋਖ ਕਰ ਰਹੇ ਹਨ। ਭਾਰਤੀ ਸਟੇਟ ਬਾਰੇ ਵੀ ਇਹ ਘੋਖ ਜ਼ਰੂਰੀ ਹੈ। ਭਾਰਤੀ ਸਮਾਜ ਦੀਆਂ ਬਹੁਤ ਸਾਰੀਆਂ ਪੇਚੀਦਗੀਆਂ ਹਨ, ਜਿਨ੍ਹਾਂ ਨੂੰ ਸਮਝਣਾ ਜ਼ਰੂਰੀ ਹੈ ਪਰ ਇਹ ਸਮਝਣ ਲਈ ਕੋਈ ਨਾ ਕੋਈ ਵਿਧੀ ਅਪਣਾਉਣੀ ਪੈਣੀ ਹੈ। ਅਸੀਂ ਸਮਝਦੇ ਹਾਂ ਕਿ ਮਾਰਕਸ-ਵਾਦੀ ਵਿਧੀ ਹੀ ਸਾਰਿਆਂ ਨਾਲੋਂ ਵਿਗਿਆਨਿਕ ਵਿਧੀ ਹੈ। ਅਗਰ ਉਹਦਾ ਹੁਣ ਤਕ ਦਾ ਵਿਕਾਸ ਸਮਾਜ ਨੂੰ ਪੂਰੀ ਤਰ੍ਹਾਂ ਸਮਝਣ ਜਾਂ ਉਹਦੀ ਵਿਆਖਿਆ ਕਰਨ ਦੇ ਯੋਗ ਨਹੀਂ ਤਾਂ ਉਹਦਾ ਹੋਰ ਵਿਕਾਸ ਹੋਣਾ ਚਾਹੀਦਾ ਹੈ। ਮਨੁੱਖ ਦਾ ਆਲਾ ਦੁਆਲਾ ਬਦਲਣ ਕਰਕੇ ਬਹੁਤ ਸਾਰੀਆਂ ਨਵੀਆਂ ਬਿਮਾਰੀਆਂ ਹੋਂਦ ਵਿਚ ਆ ਗਈਆਂ ਹਨ, ਉਹਨਾਂ ਦਾ ਇਲਾਜ ਮੈਡੀਕਲ ਸਾਇੰਸ ਨੂੰ ਚੈਲਿੰਜ ਹੈ ਪਰ ਇਹਦਾ ਇਹ ਮਤਲਬ ਨਹੀਂ ਕਿ ਮੈਡੀਕਲ ਸਾਇੰਸ ਫੇਲ ਹੋ ਗਈ ਹੈ। ਇਸੇ ਤਰ੍ਹਾਂ ਵਿਕਾਸ ਕਰਦੇ ਸਮਾਜਾਂ ਵਿਚ ਕਈ ਨਵੇਂ ਚਿੰਨ, ਵੇਖਣ ਵਿਚ ਆ ਰਹੇ ਹਨ, ਜਿਨ੍ਹਾਂ ਦੀ ਕਲਾਸੀਕਲ ਮਾਰਕਸਵਾਦੀ ਵਿਧੀ ਰਾਹੀਂ ਵਿਆਖਿਆ ਨਹੀਂ ਹੋ ਰਹੀ ਜਾਂ ਉਸ ਵਿਧੀ ਨੂੰ ਇਸਤਮਾਲ ਕਰਦਿਆਂ ਪੇਸ਼ੀਨਗੋਈਆਂ ਸਹੀ ਨਹੀਂ ਸਾਬਤ ਹੋ ਰਹੀਆਂ ਤਾਂ ਇਸ ਨੂੰ ਇਕ ਵਿਗਿਆਨਕ ਚੈਲਿੰਜ ਸਮਝ ਕੇ ਕਬੂਲ ਕਰਨਾ ਚਾਹੀਦਾ ਹੈ। ਅਪਣੀ ਅਯੋਗਤਾ ਨੂੰ ਸਾਇੰਸ ਦੀ ਅਯੋਗਤਾ ਕਰਾਰ ਦੇ ਕੇ ਇਸ ਤੋਂ ਭਜਿਆ ਨਹੀਂ ਜਾ ਸਕਦਾ। ਸਾਨੂੰ ਭਾਰਤੀ ਕਮਿਊ-ਨਿਸਟ ਇਨਕਲਾਬੀਆਂ ਨੂੰ ਵੀ ਇਹ ਚੈਲਿੰਜ ਕਬੂਲ ਕਰਨਾ ਬਣਦਾ ਹੈ। ਤੁਹਾਡੇ ਸੁਝਾਅ ਵੀ ਇਕ ਕਿਸਮ ਦਾ ਚੈਲਿੰਜ ਹਨ ਤੇ ਇਸ ਵਿਚ ਕੋਈ ਸੰਦੇਹ ਨਹੀਂ ਕਿ ਸਾਡਾ ਫਿਕਰ ਬਹੁਤਾ ਭਾਰਤ ਹੀ ਹੋਣਾ ਚਾਹੀਦਾ ਹੈ ਨਾਂ ਕਿ ਕੋਈ ਹੋਰ ਬਾਹਰਲਾ ਦੇਸ਼। ਪਾਸ਼ ਅਤੇ ਸਾਥੀ ਲੁਧਿਆਣ-ਵੀ ਰੂਸ ਜਾਂ ਚੀਨ ਕਿਉਂ ਨਹੀਂ ਗਏ, ਇੰਗਲੈਂਡ, ਕੈਨੇਡਾ ਜਾਂ ਅਮਰੀਕਾ ਕਿਉਂ ਜਾਂਦੇ ਹਨ। ਇਹਦਾ ਸਹੀ ਜਵਾਬ ਤਾਂ ਉਹੀ ਦੇ ਸਕਦੇ ਹਨ ਪਰ ਮੈਨੂੰ ਬਹੁਤ ਕਾਰਨ ਇਹੀ ਲੱਗਦਾ ਹੈ ਕਿ ਇਹਨਾਂ ਦੇਸ਼ਾਂ ਵਿਚ ਅੰਗਰੇਜ਼ੀ ਜ਼ਬਾਨ ਦੀ ਸਾਂਝ ਹੈ ਅਤੇ ਬੁਨਿਆਦੀ ਤੌਰ ਤੇ ਇਹਨਾਂ ਸਟੇਟਾਂ ਦਾ ਢਾਂਚਾ ਕੰਮ ਕਾਜ ਜਾਂ ਨੌਕਰੀਆਂ ਦੇਣ ਦੇ ਮਾਮਲੇ ਵਿਚ ਭਾਰਤ ਦੀ ਸਟੇਟ ਦੇ ਖੁਲ੍ਹੇ ਢਾਂਚੇ ਨਾਲ ਮਿਲਦਾ ਜੁਲਦਾ ਹੈ ਤਾਂ ਹੀ ਬਹੁਤੇ ਭਾਰਤੀ ਉਹਨਾਂ ਦੇਸ਼ਾਂ ਵਿਚ ਜਾਂਦੇ ਹਨ। ਕਮਿਊਨਿਜ਼ਮ ਤੇ ਕੈਪੀਟਲਿਜ਼ਮ ਇਕੋ ਸਿੱਕੇ ਦੇ ਦੋ ਪਾਸੇ ਨਹੀਂ ਕਹੇ ਜਾ ਸਕਦੇ। ਦੋ ਵੱਖ ਵੱਖ ਸਿਸਟਮ ਹਨ। ਕਮਿਊਨਿਸਟ ਫਲਸਫਾ ਸਮਾਜਕ ਇਨਸਾਫ ਨੂੰ ਆਪਣਾ ਆਧਾਰ ਮੰਨਦਾ ਹੈ। ਜਦੋਂ ਕਿ ਕੈਪੀਟਲਿਜ਼ਮ 'ਆਜ਼ਾਦ ਵਪਾਰ' ਨੂੰ ਆਪਣਾ ਆਧਾਰ ਮੰਨਦਾ ਹੈ। ਨਵਾਂ ਮਨੁੱਖ ਹਾਲੇ ਹੋਂਦ ਵਿਚ ਨਹੀਂ ਆਇਆ। ਪਰ ਕਿਸ ਸਿਸਟਮ ਵਿਚ ਇਹ ਨਵਾਂ ਮਨੁੱਖ ਬਨਾਉਣ ਦੀ ਵੱਧ ਸੰਭਾਵਨਾ ਹੈ, ਇਸ ਬਾਰੇ ਸਾਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ। ਇਹ ਸਮਾਜਕ ਇਨਸਾਫ ਵਾਲੇ ਫਲਸਫੇ ਵਿਚ ਹੀ ਹੋ ਸਕਦਾ ਹੈ।

ਭਾਰਤੀ ਸਟੇਟ ਅਤੇ ਜੋ ਕੁਝ ਪੰਜਾਬ ਵਿਚ ਗ਼ਲਤ ਹੋ ਰਿਹਾ ਹੈ, ਉਹਦੇ ਸੰਦਰਭ ਵਿਚ ਤੁਸੀਂ 'ਚੋਰ ਦੀ ਮਾਂ' ਅਤੇ ਚੋਰ ਦੀ ਜੋ ਮਿਸਾਲ ਦਿਤੀ ਹੈ ਉਹ ਢੁੱਕਵੀਂ ਜ਼ਰੂਰ ਹੈ। ਚੋਰ ਦੀ ਮਾਂ (ਭਾਰਤੀ ਸਟੇਟ) ਨੂੰ ਮਾਰਨਾ ਜ਼ਰੂਰੀ ਹੈ ਪਰ ਚੋਰ ਜੋ ਖੌਰੂ ਪਾ ਰਹੇ ਹਨ, ਉਹਨਾਂ ਨੂੰ ਨੱਪਣਾ ਵੀ ਸਾਡਾ ਫਰਜ਼ ਹੈ। ਜੇਕਰ ਅਸੀਂ ਨੱਪ ਨਹੀਂ ਸਕਦੇ ਤਾਂ ਘਟੋ ਘਟ ਸਾਡਾ ਇਹ ਫਰਜ਼ ਜ਼ਰੂਰ ਬਣਦਾ ਹੈ ਕਿ ਉਹਨਾਂ ਦੇ ਕਾਰਿਆਂ ਨੂੰ ਕਿਸੇ ਸਿਧਾਂਤ ਦਾ ਨਾਂ ਦੇ ਕੇ ਸਹੀ ਨਾ ਠਹਿਰਾ ਦੇਈਏ। ਪਿਛਲੇ ਮਹੀਨੇ ਅਖਬਾਰਾਂ ਵਿਚ ਖਬਰਾਂ ਦੇ ਅਨੁਸਾਰ 82 ਕਤਲ ਹੋਏ ਹਨ। ਉਨ੍ਹਾਂ ਵਿਚ 17 ਅਤਿਵਾਦੀ ਕਹੇ ਗਏ ਹਨ (ਅਸਲ ਕਿੰਨੇ ਹਨ, ਕੋਈ ਨਹੀਂ ਜਾਣਦਾ) 33 ਹਿੰਦੂ, 32 ਸਿੱਖ ਸਾਧਾਰਨ ਲੋਕ ਹਨ। ਜੇਕਰ ਅਸੀਂ ਸਿਰਫ ਇਹ ਕਹੀਏ ਕਿਉਂ ਕਿ 17 ਜਾਂ ਹੋਰ ਵੱਧ ਅਤਿਵਾਦੀ ਪੁਲਸ ਮੁਕਾਬਲੇ ਵਿਚ ਮਾਰੇ ਗਏ ਹਨ, ਇਸ ਲਈ ਭਾਰਤੀ ਸਟੇਟ ਸਿਖ ਨੌਜਵਾਨਾਂ ਨੂੰ ਮਾਰ ਰਹੀ ਹੈ ਤਾਂ ਇਹ ਵੀ ਅੱਧਾ ਸੱਚ ਹੈ ਤੇ ਜੇ ਸਿਰਫ ਇਹ ਕਹੀਏ ਕਿ ਅਤਿਵਾਦੀ ਸਾਧਾਰਨ ਬੇਦੋਸ਼ੇ ਲੋਕਾਂ ਨੂੰ ਮਾਰ ਰਹੇ ਹਨ ਤਾਂ ਇਹ ਵੀ ਅੱਧਾ ਸੱਚ ਹੋਵੇਗਾ। ਪੂਰਾ ਸੱਚ ਇਹ ਹੈ ਕਿ ਭਾਰਤੀ ਸਟੇਟ ਵੀ ਜ਼ੁਲਮ ਕਰ ਰਹੀ ਹੈ ਅਤੇ ਅਤਿਵਾਦੀ ਗਰੋਹ ਵੀ ਜ਼ੁਲਮ ਕਰ ਰਹੇ ਹਨ। (ਇਹਨਾਂ ਨੂੰ ਛੋਟੀਆਂ ਮੋਟੀਆਂ ਗਲਤੀਆਂ ਕਹਿ ਕੇ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ) ਸੋ **ਇਹਨਾਂ ਦੋਨਾਂ ਦੇ ਵਿਰੁੱਧ ਸਾਨੂੰ ਸਟੈਂਡ ਲੈਣਾ ਪਏਗਾ। ਇਹ ਦੋਨੋਂ ਤਾਕਤਾਂ ਇਨਸਾਨ ਦੁਸ਼ਮਣ ਸਾਬਤ ਹੋ ਰਹੀਆਂ ਹਨ।**

ਅਸੀਂ ਧਰਮ ਵਿਰੋਧੀ ਨਹੀਂ ਹਾਂ। ਹਾਂ ਇਕ

ਕਿਸੇ ਧਰਮ ਨੇ ਇਤਿਹਾਸ ਦੇ ਕਿਸੇ ਪੜਾਅ ਵਿਚ ਇਕ ਲਾਭਦਾਇਕ ਭੂਮਿਕਾ ਨਿਭਾਈ ਹੈ। ਉਹ ਹਰ ਯੁੱਗ ਵਿਚ ਉਹੀ ਭੂਮਿਕਾ ਨਿਭਾਏਗਾ ਇਸੇ ਨੂੰ ਮੰਨਣ ਤੋਂ ਅਸੀਂ ਇਨਕਾਰੀ ਹਾਂ। ਨਿੱਜੀ ਤੌਰ ਤੇ ਕੋਈ ਧਰਮ ਨੂੰ ਅਪਣਾਏ, ਇਸ ਬਾਰੇ ਕਿਸੇ ਦਾ ਕੀ ਇਤਰਾਜ਼ ਹੋ ਸਕਦਾ ਹੈ ਪਰ ਸਮਾਜਕ ਵਰਤਾਰੇ ਦੇ ਤੌਰ ਤੇ ਧਰਮ ਇਸ ਵੇਲੇ ਭਾਰਤੀ ਸਮਾਜ ਵਿਚ ਬੜੀ ਨਾ ਪੱਖੀ ਭੂਮਿਕਾ ਨਿਭਾ ਰਿਹਾ ਹੈ। ਥਾਂ ਥਾਂ ਤੇ ਦੰਗੇ ਫਸਾਦ ਇਸ ਦੇ ਨਾਂ ਤੇ ਹੀ ਹੋ ਰਹੇ ਹਨ। ਭਾਵੇਂ ਭਾਰਤੀ ਸਟੇਟ ਇਸ ਦੀ ਬਹੁਤ ਹੱਦ ਤੱਕ ਜ਼ਿੰਮੇਵਾਰ ਹੈ। ਪਰ ਬੀਜ ਧਾਰਮਕ ਕੱਟੜਵਾਦ ਵਿਚ ਹੀ ਹਨ। **ਭਾਰਤੀ ਸਟੇਟ ਅਤੇ ਧਰਮ ਦੀਆਂ ਨਾ ਪੱਖੀ ਭੂਮਿਕਾਵਾਂ ਦੀ ਵਿਰੋਧਤਾ ਕਰਨਾ ਸਾਡਾ ਫਰਜ਼ ਹੈ।'**

ਅੰਤ ਵਿਚ ਮੈਂ ਇਹੀ ਕਹਾਂਗਾ ਕਿ ਅਸੀਂ ਜੋ ਸਮੁੱਚੇ ਭਾਰਤ ਦੇ ਦੱਬੇ ਕੁੱਚਲੇ ਲੋਕਾਂ ਦੀ ਮੁਕਤੀ ਨੂੰ ਆਪਣਾ ਨਿਸ਼ਾਨਾ ਮੰਨਦੇ ਹਾਂ ਇਕ ਬਹੁਤ ਹੀ ਚੈਲਿੰਜ ਵਾਲੇ ਦੌਰ ਵਿਚੋਂ ਲੰਘ ਰਹੇ ਹਾਂ। ਸਾਨੂੰ ਬਗੈਰ ਥਿੜਕਿਆਂ ਕੁਝ ਮਾਮਲਿਆਂ ਬਾਰੇ ਸਪੱਸ਼ਟ ਪੁਜ਼ੀਸ਼ਨਾਂ ਲੈ ਕੇ ਵਿਚਰਨਾ ਚਾਹੀਦਾ ਹੈ। ਭਾਰਤ ਦੀ ਜਮਹੂਰੀ ਲਹਿਰ ਦੇ ਭਵਿਖ ਲਈ ਇਹ ਜ਼ਰੂਰੀ ਹੈ।

ਗੁਰਸ਼ਰਨ ਸਿੰਘ

**3. ਨਸ਼ਿਆਂ ਬੰਦੀ ਬਾਰੇ ਲਾਲ ਸਿੰਘ ਸੇਖੋਂ ਦੀ ਇਕ ਚਿੱਠੀ ਅਤੇ ਉਸ ਦਾ ਜੁਆਬ**

ਸਤਿਕਾਰ ਯੋਗ ਭਾਅ ਜੀ ਪੰਜਾਬ ਅੰਦਰ ਪਿਛਲੇ ਦਿਨੀਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਬਾਰੇ 'ਸਮਤਾ' ਅੰਦਰ ਲਾਭ ਅਕਲੀਆਂ ਦੇ ਟਿੱਪਣੀ ਪੜ੍ਹਕੇ ਦੁੱਖ ਹੋਇਆ ਹੈ।

ਇਹ ਦੁੱਖ ਇਸ ਕਰਕੇ ਵੀ ਹੋਇਆ ਹੈ ਕਿ ਇਹ ਸਮਤਾ ਅੰਦਰ ਛਪਿਆ ਹੈ, ਸਮਤਾ ਜੋ ਅਸਲੋਂ ਹੀ ਇਕ ਨਵਾਂ ਸਮਾਜ ਸਿਰਜਣ ਲਈ ਯਤਨਸ਼ੀਲ ਹੈ। ਮੈਨੂੰ ਪੂਰਨ ਆਸ ਹੈ ਕਿ ਤੁਸੀਂ ਮੇਰੀ ਇਸ ਟਿੱਪਣੀ ਨੂੰ ਜ਼ਰੂਰੀ ਹੀ ਹੈਡਿੰਗ ਸਮੇਤ ਪਾਠਕਾਂ ਤਕ ਪਹੁੰਚਾਣ ਲਈ ਸਮਤਾ ਦੇ ਕਿਸੇ ਪੰਨੇ ਅੰਦਰ ਕੁੱਝ ਥਾਂ ਦੇਵੋਗੇ।

**ਨਸ਼ਿਆਂ ਪ੍ਰਤੀ ਆਪਣੀ ਸੋਚ ਠੀਕ ਕਰੋ, ਕਾਮਰੇਡੋ!**

ਸਪੱਸ਼ਟ ਹੈ ਕਿ ਹਰ ਕਿਸਮ ਦੀ ਨਸ਼ਾਖੋਰੀ ਦਿਮਾਗੀ ਕਮਜ਼ੋਰੀ ਦਾ ਕਾਰਨ ਬਣਦੀ ਹੈ ਅਤੇ ਇਹ ਵੀ ਠੀਕ ਹੈ ਇਹ ਸਭਿਆਚਾਰ ਦਾ ਇਕ ਨਾਂਹ-ਪੱਖੀ ਪਹੁੰਚ ਹੋ ਨਿਬੜਦੀ ਹੈ। ਤੇ ਇਨ੍ਹਾਂ ਨਸ਼ਿਆਂ ਦੀ ਸਮਾਜ ਲਾਂਭੋ ਇਜਾਦ ਨੂੰ ਅੱਜ ਦੇ ਸਰਮਾਏਦਾਰੀ ਲੋਟੂ ਪ੍ਰਬੰਧ ਨੇ ਵਿਸ਼ਾਲ ਘੇਰੇ ਵਿਚ ਲੈ ਆਂਦਾ ਹੈ। ਅਮੀਰਾਂ ਲਈ ਇਹ ਇਕ ਸ਼ੁਗਲ ਹੈ ਜਦਕਿ ਗਰੀਬਾਂ ਲਈ ਅਤਿ ਘਾਤਕ।

ਸਮਤਾ ਦਾ ਇਹ ਪਾਠਕ ਖੁਦ ਆਪ ਵੀ ਇਹ ਮੰਨਦਾ ਹੋਇਆ ਲਿਖਦਾ ਹੈ ਕਿ ਇਹ ਇਕ ਅਜਿਹੀ ਛੂਤ ਦੀ ਬੀਮਾਰੀ ਹੈ ਜਿਹੜੀ "ਸੁੱਕੇ ਪਿੰਜਰ" ਬਣਾਉਂਦੀ ਹੈ। ਅਫਸੋਸ ਤਾਂ ਉਦੋਂ ਹੁੰਦਾ ਹੈ ਜਦੋਂ ਪੰਜਾਬ ਦੀ ਇਸ ਨਸ਼ਾਬੰਦੀ ਦੀ ਮੁਹਿੰਮ ਨੂੰ ਇਹ ਸਿਰਫ "ਅੱਕੀ-ਪਲਾਹੀ ਹੱਥ ਪੈਰ" ਮਾਰਨੇ ਹੀ ਦਸਦਾ ਹੈ ਅਤੇ ਇਸਦਾ ਤੰਗ ਨਜ਼ਰੀਆ ਅਤੇ ਸੌੜੀ ਸੋਚ ਇਸ ਮੁਹਿੰਮ ਵਿਚੋਂ "ਖਾਲਿਸਤਾਨੀਆਂ ਦੀ ਬੋਅ" ਆਉਣ ਦਾ ਸੰਕੇਤ ਕਰਦਾ ਹੈ ਅਤੇ ਇਸੇ ਨੂੰ ਸਿੱਖਾਂ ਪ੍ਰਤੀ ਇਕੋ ਕਲੰਕ ਮੜ੍ਹਣ ਦੇ ਯਤਨ ਲੱਭਦਾ ਫਿਰਦਾ ਹੈ।

ਮੈਂ ਆਸ ਕਰਦਾ ਹਾਂ ਕਿ ਸਮਤਾ ਇਹੋ ਨਾਅਰਾ ਲੈ ਕੇ ਆਵੇਗੀ ਨਸ਼ਾਬੰਦੀ ਦੀ ਮੁਹਿੰਮ ਨੂੰ ਹੋਰ ਤੇਜ਼ ਕਰੋ, ਭਾਰਤੀ ਲੋਕੋ!

ਭਲਾ ਜੋ ਸਾਡੇ ਵਲੋਂ ਵਿੱਢੀ ਇਹ ਮੁਹਿੰਮ ਮਹਿਜ਼ ਰਾਜਸੀ ਹਿੱਤਾਂ ਖਾਤਰ ਜਾਂ ਫਿਰ ਧਾਰਮਿਕ ਤੰਗ ਪੁਣੇ ਦੀ ਉਪਜ ਹੈ ਤਾਂ ਕਾਮਰੇਡਾਂ ਖਾਸ ਤੌਰ ਤੇ ਸਮਤਾ ਨੂੰ ਨਸ਼ਾ-ਖੋਰੀ ਬਾਰੇ ਸਪਸ਼ਟ ਸਟੈਂਡ ਦੇਣਾ ਚਾਹੀਦਾ ਹੈ ਨਾਕਿ ਐਵੇਂ ਵਿਚ ਵਿਚਾਲੇ ਦੀ ਸ਼ਬਦਾਵਲੀ ਨਾਲ ਸਮਾਂ ਟਪਾਉਣਾ ਚਾਹੀਦਾ ਹੈ।

ਦੁੱਖ ਇਸ ਕਰਕੇ ਹੋਇਆ ਹੈ ਜਦੋਂ ਲਾਭ ਅਕਲੀਆ ਆਪਣੇ ਦ੍ਰਿਸ਼ਟੀਕੋਣ ਤੋਂ ਵੇਖਦਾ ਹੋਇਆ ਇਸ ਮੁਹਿੰਮ ਦਾ ਉਦੇਸ਼ ਸਿਰਫ "ਹਿੰਦੂਆਂ ਨੂੰ ਆਰਥਿਕ ਤੌਰ ਤੇ ਕਮਜ਼ੋਰ" ਕਰਨੇ ਦਾ ਐਲਾਨ ਕਰਦਾ ਹੈ ਅਤੇ ਇਸਦੇ ਸਿਟੇ ਇਹ ਕੱਢਦਾ ਹੈ ਕਿ ਇਸ ਮੁਹਿੰਮ ਨਾਲ ਕੁਝ ਵੀ ਨਹੀਂ ਬਣੇਗਾ ਸਿਰਫ ਹਿੰਦੂਆਂ ਸਿੱਖਾਂ ਵਿਚ ਹੋਰ ਨਫਰਤ ਫੈਲੇਗੀ।"

ਪੰਜਾਬ ਦੇ ਕਾਮਰੇਡਾਂ ਨੂੰ ਇਕ ਬੀਮਾਰੀ ਹੈ ਕਿ ਇਹ ਕਿਸੇ ਅਧਾਰ ਨੂੰ ਤਾਂ ਠੀਕ ਇਹ ਕਹਿ ਲੈਂਦੇ ਹਨ ਪਰ ਆਪ ਕਰਨ ਦੀ ਵਜਾਏ ਜੇ ਹੋਰ ਕੋਈ ਕਰੇ ਤਾਂ ਉਸ ਉਤੇ ਇਸ ਤਰ੍ਹਾਂ ਚਿੱਕੜ ਉਛਾਲਦੇ ਹਨ ਜਿਵੇਂ ਮਾਰਕਸ-ਲੈਨਿਨ ਜਾਂ ਫਿਰ ਸਮਾਜ ਦਾ ਸਾਰਾ ਠੇਕਾ ਇਨ੍ਹਾਂ ਨੇ ਲੈ ਲਿਆ ਹੁੰਦਾ ਹੈ।

ਮੈਂ ਖੁਲ੍ਹੀ ਬਹਿਸ ਕਰਨ ਲਈ ਤਿਆਰ ਹਾਂ।

ਲਾਲ ਸਿੰਘ ਸੇਖੋਂ

ਮੁੱਖ ਸਲਾਹਕਾਰ :

ਯੂਥ ਅਕਾਲੀ ਦਲ ਪੰਜਾਬ

**ਲਾਲ ਸਿੰਘ ਸੇਖੋਂ ਜੀ,** ਤੁਸਾਂ ਆਪਣੀ ਚਿੱਠੀ ਵਿਚ ਖੁਲ੍ਹੀ ਬਹਿਸ ਦੀ ਮੰਗ ਕੀਤੀ ਹੈ। ਇਹ ਬਹਿਸ ਅੱਜਕਲ੍ਹ ਅਖਬਾਰਾਂ ਵਿਚ ਬੜੀ ਖੁਲ੍ਹੀ ਚਲ ਰਹੀ ਹੈ। ਸਮਤਾ ਦਾ ਪੱਖ ਬਿਲਕੁਲ ਸਪੱਸ਼ਟ ਹੈ। ਕਿਸੇ ਇਕ ਲੋਕਾਂ ਦੇ ਸਮੂਹ ਦਾ ਦੂਜੇ ਲੋਕਾਂ ਸਮੂਹ ਦਾ ਜਬਰ-

**ਦਸਤੀ ਤਰਜ਼ੇ ਜ਼ਿੰਦਗੀ ਬਦਲਾਉਣ ਦਾ ਕੋਈ ਹੱਕ ਨਹੀਂ,** ਭਾਵੇਂ ਇਹ ਕਿਸੇ ਨੇਕਨੀਅਤੀ ਨਾਲ ਕੀਤਾ ਜਾਏ ਜਾਂ ਕਿਸੇ ਸਿਆਸੀ ਨੀਤੀ ਦੇ ਬਲੇ ਕੀਤਾ ਜਾਏ। ਬਾਬਾ ਜੁਗਿੰਦਰ ਸਿੰਘ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੂੰ ਅਮ੍ਰਿਤ ਛਕਾ ਰਹੇ ਹਨ। ਇਕ ਅਮ੍ਰਿਤ-ਧਾਰੀ ਸਿੱਖ ਲਈ ਰਹਿਤਨਾਮਾ ਹੈ। ਜਿਹੜਾ ਅਮ੍ਰਿਤ ਲੈਂਦਾ ਹੈ, ਉਹਨੂੰ ਇਹ ਰਹਿਤਨਾਮਾ ਮੰਨ ਕੇ ਇਕ ਡਿਸਪਲਿਨ ਵਿਚ ਰਹਿਣਾ ਚਾਹੀਦਾ ਹੈ। ਇਹ ਉਸਦੀ ਆਪਣੀ ਇਛਾ ਅਨੁਸਾਰ ਹੁੰਦਾ ਹੈ। **ਇਸ ਵਿਚ ਕੋਈ ਧੱਕਾ ਨਹੀਂ।** ਪਰ ਜੇਕਰ ਇਹ ਡਿਸਪਲਿਨ ਦੂਜਿਆਂ ਉਤੇ ਲਾਗੂ ਕੀਤਾ ਜਾਏ ਤਾਂ ਇਹ ਸਰਾਸਰ ਧੱਕਾ ਹੈ। ਇਸ ਬਹਿਸ ਵਿਚ ਪਏ ਬਗੈਰ ਕਿ ਇਹ ਧੱਕਾ ਚੰਗੀ ਨੀਅਤ ਨਾਲ ਹੈ ਜਾਂ ਭੈੜੀ ਨੀਅਤ ਨਾਲ **ਹੈ, ਇਸ ਧੱਕੇ ਦਾ ਵਿਰੋਧ ਕਰਨਾ ਹਰ ਸਹੀ ਸੋਚ ਵਾਲੇ ਬੰਦੇ ਦਾ ਫਰਜ਼ ਹੈ।** ਮਨੁੱਖ ਦਾ ਸਾਰਾ ਇਤਿਹਾਸ ਜਿਸ ਵਿਚ ਸਿੱਖਾਂ ਦਾ ਆਪਣਾ ਇਤਿਹਾਸ ਵੀ ਆਂਦਾ ਹੈ, ਧੱਕਾਸ਼ਾਹੀ ਵਿਰੁੱਧ ਸੰਘਰਸ਼ਾਂ ਨਾਲ ਭਰਿਆ ਹੋਇਆ ਹੈ। **ਕਮਿਊਨਿਸਟ ਵੀ ਜੇਕਰ ਇਸ ਵਿਰੋਧ ਕਰਦੇ ਹਨ ਤਾਂ ਇਹ ਮਿਹਣਾ ਕਿਉਂ ਹੈ?** ਕਮਿਊਨਿਸਟ ਇਹ ਵਿਰੋਧ ਇਕ ਵਿਚਾਰਧਾਰਾ ਦੇ ਅਧੀਨ ਕਰਦੇ ਹਨ। ਉਹ ਇਹ ਵੀ ਜਾਣਦੇ ਹਨ ਕਿ ਆਰਥਕਤਾ ਦੇ ਪੱਖ ਤੋਂ ਬੁਨਿਆਦੀ ਢਾਂਚਾ ਬਦਲੇ ਬਗੈਰ ਇਹਨਾਂ ਬੁਰਿ-ਆਈਆਂ ਤੋਂ ਨਿਜਾਤ ਨਹੀਂ ਪਾਈ ਜਾ ਸਕਦੀ। ਉਹਨਾਂ ਦੀ ਇਸ ਮੁਹਿੰਮ ਦੀ ਵਿਰੋਧਤਾ ਸਰਕਾਰ ਦੀ ਵਿਰੋਧਤਾ ਤੋਂ ਬੁਨਿਆਦੀ ਤੌਰ ਤੇ ਵੱਖਰੀ ਹੈ। ਸਰਕਾਰ ਇਸਨੂੰ ਸਿਰਫ ਅਮਨ ਤੇ ਕਾਨੂੰਨ ਦਾ ਮਸਲਾ ਸਮਝਦੀ ਹੈ। ਜਿਹੜੀ ਸਰਕਾਰ ਇਹ ਕਹਿੰਦੀ ਹੈ ਕਿ ਉਸਨੂੰ ਚਲਾਉਣ ਲਈ ਸ਼ਰਾਬ ਦੀ ਆਮਦਨ ਜ਼ਰੂਰੀ ਹੈ, ਉਹ ਲੋਕ ਦੋਖੀ ਸਰਕਾਰ ਹੈ। ਉਸਦਾ ਇਕ ਦਿਨ ਵੀ ਰਹਿਣ ਦਾ ਹੱਕ ਨਹੀਂ। ਇਹ ਬਿਲਕੁਲ ਸਪੱਸ਼ਟ ਹੈ ਕਮਿਊਨਿਸਟਾਂ ਨੂੰ ਮਿਹਣਾ ਦੇਣ ਦੀ ਥਾਂ ਉਹਨਾਂ ਦੇ ਪੱਖ ਨੂੰ ਸਹੀ ਢੰਗ ਨਾਲ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ।

ਗੁਰਸ਼ਰਨ ਸਿੰਘ

## 4. ਇਕ ਚਿੱਠੀ ਸੰਤ ਰਾਮ ਉਦਾਸੀ ਬਾਰੇ ਤੇ ਉਹਦਾ ਸਪਸ਼ਟੀਕਰਨ

ਸਤਿਕਾਰ ਯੋਗ ਭਾਅ ਜੀ,

ਸਮਤਾ ਦੇ ਅਪਰੈਲ 1987 ਅੰਕ ਵਿਚ ਤੁਹਾਡੇ ਵੱਲੋਂ ਸਰਕਾਰੀ ਇਨਾਮਾਂ ਬਾਰੇ ਜੋ ਸਪੱਸ਼ਟੀਕਰਨ ਦਿੱਤਾ ਗਿਆ ਹੈ ਬੜਾ ਹੀ ਵਧੀਆ ਤੇ ਤਰਕਸ਼ੀਲ ਹੈ। ਮੈਂ ਸਰਕਾਰੀ ਸਨਮਾਨਾਂ ਬਾਰੇ ਤੁਹਾਡੇ ਨੁਕਤਿਆਂ ਨਾਲ ਸੌ ਫੀ ਸਦੀ ਸਹਿਮਤ ਹਾਂ। ਇਸ ਤੋਂ ਪਹਿਲਾਂ ਤੁਸੀਂ ਸੰਤ ਰਾਮ ਉਦਾਸੀ ਦੀ ਮੌਤ ਤੇ ਸਮਤਾ ਵਿਚ ਲਿਖਿਆ ਸੀ: ਉਸ ਵਿਚ ਤੁਸੀਂ ਸੰਤ ਰਾਮ ਉਦਾਸੀ ਨੂੰ 84 ਤੋਂ ਬਾਅਦ "ਥਿੜਕ ਗਿਆ" ਲਿਖਿਆ ਸੀ। ਤੁਹਾਡੇ ਅਪਰੈਲ ਅੰਕ 'ਚ ਲਿਖਣ ਮੁਤਾਬਕ ਜੇਕਰ ਕੋਈ ਲੋਕ ਪੱਖੀ ਕਲਾਕਾਰ ਆਪਣੀ ਲੋਕ ਪੱਖੀ ਕਲਾਂ ਨਾਲ ਸਮਝੌਤਾ ਕਰੇ ਬਗੈਰ ਇਨਾਮ ਹਾਸਲ ਕਰਦਾ ਹੈ ਤਾਂ ਇਸ ਵਿਚ ਕੋਈ ਗਲਤ ਗੱਲ ਨਹੀਂ। ਉਦਾਸੀ ਨੂੰ ਪੰਜਾਬ ਕਲਾ ਮੰਚ ਨੇ ਸਨ-ਮਾਨਤ ਕੀਤਾ ਸੀ ਅਤੇ ਇਨਾਮ ਦਿੱਤਾ ਸੀ ਜੋ ਕਿ ਸਰਕਾਰੀ ਅਦਾਰਾ ਵੀ ਨਹੀਂ। ਕੀ ਤੁਸੀਂ ਦਸ ਸਕਦੇ ਹੋ ਕਿ ਸਨਮਾਨਤ ਹੋਣ ਤੋਂ ਬਾਅਦ ਉਦਾਸੀ ਨੇ ਕਲਾ ਨਾਲ ਕਿੱਥੇ ਸਮਝੌਤਾ ਕੀਤਾ। ਉਦਾਸੀ ਦੇ ਆਖਰੀ ਸਮੇਂ ਤੱਕ ਦੇ ਲਿਖੇ ਤੇ ਗਾਏ ਗੀਤਾਂ ਦੇ ਅਧਾਰ ਤੇ ਜਾਂ ਕਿਸੇ ਵੀ ਪ੍ਰੋਗਰਾਮ ਤੇ ਬੋਲੇ ਦੇ ਆਧਾਰ ਤੇ ਦੱਸਣਾ ਕਿ ਉਦਾਸੀ ਕਿੰਨਾ ਕੁ ਸਰਕਾਰ ਪੱਖੀ ਹੋ ਗਿਆ ਸੀ। ਜਿਸਦੇ ਆਧਾਰ ਤੇ ਉਸਨੂੰ "ਅਸੀਂ ਥੋੜਾ ਕੁ ਥਿੜਕਿਆ" ਕਹਿ ਸਕੀਏ। ਬਾਕੀ ਜੋ ਕੁਝ ਤੁਸੀਂ ਉਹਨਾਂ ਦੇ ਨਸ਼ਿਆਂ ਦਾ ਸੇਵਨ ਕਰਨ ਬਾਰੇ ਲਿਖਿਆ ਸੀ ਉਸ ਨਾਲ ਵੀ ਮੈਂ ਸਹਿਮਤ ਹਾਂ ਕਿ ਇਹ ਉਦਾਸੀ ਵਾਸਤੇ ਮਾੜੀ ਗੱਲ ਸੀ। ਉਸਨੂੰ ਲੋਕ ਕਵੀ ਹੋਣ ਦੇ ਨਾਤੇ ਅਜਿਹੀਆਂ ਮਾੜੀਆਂ ਆਦਤਾਂ ਨਹੀਂ ਸੀ ਪਾਉਣੀਆਂ ਚਾਹੀਦੀਆਂ। ਪਰ ਕੀ ਕਿਸੇ ਇਨਕਲਾਬੀ ਕਵੀ ਨੂੰ ਇਸ ਕਰਕੇ ਸਰਕਾਰੀਆ ਕਿਹਾ ਜਾਵੇ ਕਿ ਉਹ ਨਸ਼ਿਆਂ ਦਾ ਆਦੀ ਹੈ ਮੈਨੂੰ ਠੀਕ ਨਹੀਂ ਲਗਦਾ। ਕ੍ਰਿਪਾ ਕਰਕੇ ਤੁਸੀਂ ਇਸ ਆਪਾ ਵਿਰੋਧੀ, ਦਲੀਲਾਂ ਦਾ ਸਪਸ਼ਟੀ ਕਰਨ ਦੇਣ ਦੀ ਖੇਚਲ ਕਰਨਾ।

ਸਤਿਕਾਰ ਨਾਲ—ਇਕਬਾਲ ਸਿੰਘ

ਮੈਂ ਦਸੰਬਰ 86 (ਸਮਤਾ 79) ਵਿਚ ਸੰਤ ਰਾਮ ਉਦਾਸੀ ਬਾਰੇ ਲਿਖੀ ਅਪਣੀ ਲਿਖਤ ਨੂੰ ਫੇਰ ਪੜ੍ਹਿਆ ਹੈ। ਮੈਂ ਉਦਾਸੀ ਬਾਰੇ ਕਦੀ ਵੀ ਉਹ ਲਾਈਨਾਂ ਨਹੀਂ ਲਿਖੀਆਂ ਜਿਸਦਾ ਤੁਸੀਂ ਅਪਣੇ ਖਤ ਵਿਚ ਜ਼ਿਕਰ ਕੀਤਾ ਹੈ। ਮੈਂ ਨਾ ਹੀ ਉਦਾਸੀ ਨੂੰ ਕਦੀ ਸਰਕਾਰੀਆ ਕਿਹਾ ਸੀ। ਨਾ ਹੀ ਕਦੀ ਉਸਦੇ ਕੋਈ ਸਨਮਾਨ ਲੈਣ ਬਾਰੇ ਕਦੇ ਟਿਪਣੀ ਕੀਤੀ ਸੀ। ਅਪਣੇ ਵਲੋਂ 'ਸ਼ਰਧਾਂਜਲੀ' ਨਾਂ ਦੀ ਗੀਤਾ ਦੀ ਕੈਸਟ ਜਿਸ ਵਿਚ ਉਹਦੀ ਅਪਣੀ ਆਵਾਜ਼ ਵਿਚ ਉਹਦੇ ਗੀਤ ਹਨ ਅਤੇ ਮੇਰੀ ਕਮੈਂਟਰੀ ਹੈ, ਇਸਦਾ ਜੀਂਦਾ ਜਾਗਦਾ ਸਬੂਤ ਹੈ। ਜੇ ਮੈਂ ਉਹਦੀ ਕਿਸੇ ਕਮਜ਼ੋਰੀ ਜਾਂ ਥਿੜਕ ਬਾਰੇ ਕੋਈ ਜ਼ਿਕਰ ਕੀਤਾ ਹੈ ਤਾਂ ਉਹ ਨਸ਼ੇ ਵਾਲੀ ਅਤੇ ਸਮਾਜਕ ਜ਼ਿੰਮੇਵਾਰੀਆਂ ਤੋਂ ਥਿੜਕਨ ਵਾਲੀ ਗੱਲ ਹੀ ਹੈ ਹੋਰ ਕੋਈ ਨਹੀਂ, ਇਹਦਾ ਜ਼ਿਕਰ ਸਮਤਾ 80 ਵਿਚ ਸਪੱਸ਼ਟ ਹੈ।

ਗੁਰਸ਼ਰਨ ਸਿੰਘ

## 5. 10,000 ਰੁ. ਦਾ ਇਨਾਮ ਅਤੇ ਗੁਰਸ਼ਰਨ ਭਾ ਜੀ

ਗੁਰਸ਼ਰਨ ਭਾ ਜੀ ਨੂੰ ਪੰਜਾਬ ਸਰਕਾਰ ਨੇ ਚੰਡੀਗੜ੍ਹ ਫੈਸਟੀਵਲ ਵਿਚ ਖੇਡੇ ਨਾਟਕ ਲਈ 10,000 ਰੁ. ਇਨਾਮ ਦੀ ਪੇਸ਼ਕਸ਼ ਕੀਤੀ ਹੈ । ਇਸ ਇਨਾਮ ਨੂੰ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ । ਇਸੇ ਵਿਸ਼ੇ ਤੇ ਇਨਕਲਾਬੀ ਹਲਕਿਆਂ ਵਿਚ ਵਾਦ-ਵਿਵਾਦ ਛਿੜਿਆ ਹੈ । ਇਸ ਬਾਰੇ ਮੈਂ ਵੀ ਆਪਣੀ ਰਾਏ ਰਖਣੀ ਚਾਹਾਂਗਾ ।

ਭਾ ਜੀ ਨੇ ਇਹ ਠੀਕ ਆਖਿਆ ਹੈ ਕਿ 10,000 ਰੁ. ਦਾ ਇਨਾਮ ਉਸ ਖਜ਼ਾਨੇ ਵਿਚੋਂ ਦਿਤਾ ਜਾ ਰਿਹਾ ਹੈ ਜਿਹੜਾ ਮਿਹਨਤਕਸ਼ ਲੋਕਾਂ ਤੋਂ ਟੈਕਸ ਉਗਰਾਹ ਕੇ ਇਕੱਠਾ ਕੀਤਾ ਗਿਆ ਹੈ । ਭਾ ਜੀ, ਇਨਾਮ ਪ੍ਰਾਪਤ ਕਰਨ ਲਈ ਸਿਰਫ ਇਹੀ ਸ਼ਰਤ ਕਾਫੀ ਨਹੀਂ । ਪੈਸਾ ਤਾਂ ਮੁਖਬਰਾਂ ਨੂੰ ਵੀ ਉਸੇ ਖਜਾਨੇ ਵਿਚੋਂ ਦਿਤਾ ਜਾਂਦਾ ਹੈ । ਤਾ ਕੀ ਇਹ ਕੰਮ ਕਰਨ ਲੱਗ ਪੈਣਾ ਚਾਹੀਦਾ ਹੈ ? ਇਹ ਲਾਈਨ ਲਿਖਣ ਦਾ ਅਰਥ ਇਹ ਨਾ ਕੱਢਣਾ ਕਿ ਅਸੀਂ ਤੁਹਾਡੀ ਈਮਾਨਦਾਰੀ ਤੇ ਸ਼ੱਕ ਕਰਦੇ ਹਾਂ । ਇਹ ਸਿਰਫ ਮਿਸਾਲ ਹੀ ਦਿਤੀ ਹੈ । ਸਾਨੂੰ ਸਿਰਫ ਇਹ ਹੀ ਨਹੀਂ ਦੇਖਣਾ ਚਾਹੀਦਾ ਕਿ ਪੈਸੇ ਦਾ ਸੋਮਾ ਕਿਹੜਾ ਹੈ ਬਲਕਿ ਇਹ ਵੀ ਦੇਖਣਾ ਚਾਹੀਦਾ ਹੈ ਕਿ ਉਸ ਪੱਖੇ ਤੇ ਕਬਜ਼ਾ ਕਿਸ ਦਾ ਹੈ ਅਤੇ ਕਾਬਜ ਵਿਅਕਤੀ ਜਾਂ ਕਾਬਜ ਜਮਾਤ ਇਨਾਮ ਕਿਉਂ ਦੇ ਰਹੀ ਹੈ ।

ਹਾਕਮ ਜਮਾਤ ਕਿਸੇ ਵੀ ਲੋਕ ਪੱਖੀ ਲਹਿਰ ਨੂੰ ਪਹਿਲਾਂ ਤੇ ਬੱਲ ਨਾਲ ਦਬਾਉਂਦੀ ਹੈ ਪਰ ਜਦ ਲਹਿਰ ਪ੍ਰਤੀ ਲੋਕਾਂ ਦੀ ਹਮਦਰਦੀ ਬਹੁਤ ਵਧ ਜਾਂਦੀ ਹੈ ਤਾਂ ਖੁਦ ਉਸ ਲਹਿਰ ਦੀਆਂ ਸਿਫਤਾਂ ਕਰਨ ਲੱਗ ਪੈਂਦੀ ਹੈ । ਜਿਵੇਂ ਭਗਤ ਸਿੰਘ ਹੋਰਾਂ ਦੇ ਜੀਉਂਦੇ ਜੀਅ ਤਾਂ ਗਾਂਧੀ ਵਰਗੇ ਬਦਮਾਸ਼ ਅਤੇ ਕਾਂਗਰਸ ਪਾਰਟੀ ਉਹਨਾਂ ਵਲੋਂ ਖੜੀ ਕੀਤੀ ਲਹਿਰ ਨੂੰ ਗਲਤ ਕਹਿੰਦੇ ਰਹੇ ਅਤੇ ਭਗਤ ਸਿੰਘ ਨੂੰ ਭੁੱਲੜ ਕਹਿੰਦੇ ਰਹੇ । ਭਗਤ ਸਿੰਘ ਦੇ ਸ਼ਹੀਦ ਹੋਣ ਤੋਂ ਬਾਅਦ ਕਿੰਨਾ ਚਿਰ ਇਹਨਾਂ ਹਾਕਮ ਬਦਮਾਸ਼ਾਂ ਨੇ ਉਹਦਾ ਨਾਂ ਤੱਕ ਲੈਣਾ ਠੀਕ ਨਾ ਸਮਝਿਆ । ਉਸ ਮਹਾਨ ਇਨਕਲਾਬੀ ਦੇ ਵਿਚਾਰ ਲੋਕਾਂ ਤੱਕ ਲਿਆਉਣ ਤੋਂ ਡਰਦੇ ਰਹੇ । ਪਰ ਲੋਕਾਂ ਦੀਆਂ ਭਾਵਨਾਵਾਂ ਦੇਖ ਕੇ ਅਤੇ ਲੋਕਾਂ ਦੇ ਮਨਾਂ ਵਿਚ ਭਗਤ ਸਿੰਘ ਪ੍ਰਤੀ ਸਤਕਾਰ ਪਿਆਰ ਭਾਂਪਕੇ ਇਹਨਾਂ ਹਾਕਮ ਜਮਾਤਾਂ ਦੇ ਬਦਮਾਸ਼ਾਂ ਨੇ ਵੀ ਭਗਤ ਸਿੰਘ ਨੂੰ ਮਹਾਨ ਸ਼ਹੀਦ ਕਹਿਣਾ ਸ਼ੁਰੂ ਕਰ ਦਿਤਾ ਤੇ ਆਪਣੇ ਆਪ ਨੂੰ ਭਗਤ ਸਿੰਘ ਦੇ ਵਾਰਸ ਕਹਿਣ ਲਗੇ ।

ਅੱਜ ਵੀ ਇਹ ਹਾਕਮ ਪੇਸ਼ ਜਾਂਦੀ ਤੱਕ ਕਿਸੇ ਵੀ ਲੋਕ ਪੱਖੀ ਸਾਹਿੱਤਕਾਰ ਨੂੰ ਪਹਿਲਾਂ ਤਾਂ ਅਣਗੌਲਿਆਂ ਕਰਦੇ ਰਹਿੰਦੇ ਹਨ ਪਰ ਜਦ ਉਹ ਸਾਹਿੱਤਕਾਰ ਜਾਂ ਕਲਾਕਾਰ ਲੋਕਾਂ ਵਿਚ ਬਹੁਤ ਪਾਪੂਲਰ ਹੋ ਜਾਂਦਾ ਹੈ ਤਾਂ ਉਸ ਨੂੰ ਸਨਮਾਨਣਾ ਸ਼ੁਰੂ ਕਰ ਦਿੰਦੇ ਹਨ । ਠੀਕ ਇਹੀ ਗੱਲ ਗੁਰਸ਼ਰਨ ਭਾਜੀ ਬਾਰੇ ਸਹੀ ਹੈ । ਗੁਰਸ਼ਰਨ ਭਾ ਜੀ ਦੀ ਪਾਪੂਲਰਟੀ ਵਧ ਜਾਣ-ਕਾਰਨ ਸਰਕਾਰ ਨੇ ਲੋਕਾਂ ਦੀ ਭਾਵਨਾਵਾਂ ਨੂੰ ਆਪਣੇ ਵੱਲ ਕਰਨ ਦੀ ਕੋਸ਼ਿਸ਼ ਕੀਤੀ ਹੈ । ਤਾਂ ਜੋ ਲੋਕਾਂ ਵਿਚ ਇਹ ਗੱਲ ਜਾਵੇ ਕਿ ਸਰਕਾਰ ਲੋਕ ਪੱਖੀ ਹੀ ਹੈ ਤਾਂਹੀਉਂ ਇਸ ਤਰ੍ਹਾਂ ਦੇ ਕਲਾਕਾਰਾਂ ਨੂੰ ਸਨਮਾਨਦੀ ਹੈ ।

ਸਰਕਾਰ ਲੋਕ ਪੱਖੀ ਕਲਾਕਾਰਾਂ ਨੂੰ ਖਰੀਦਣ ਤੋਂ ਵੀ ਗੁਰੇਜ਼ ਨਹੀਂ ਕਰਦੀ । ਇਸ ਮਸਲੇ 'ਚ ਤਾਂ ਭਾਜੀ ਤੇ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਉਹ ਸਰਕਾਰ ਵਲੋਂ ਖਰੀਦੇ ਜਾਣਗੇ । ਪਰ ਇਨਾਮ ਲੈਣ ਤੇ ਸਧਾਰਣ ਇਨ-ਕਲਾਬੀ ਕੇਡਰ ਵਿਚ ਭਾਜੀ ਪ੍ਰਤੀ ਅਤੇ ਇਨਕਲਾਬੀ ਏਕਤਾ ਕੇਂਦਰ ਪ੍ਰਤੀ ਸ਼ੰਕੇ ਜ਼ਰੂਰ ਖੜੇ ਹੋਣਗੇ । ਕੇਡਰ ਸੋਚਣ-ਲਈ ਮਜਬੂਰ ਹੋਵੇਗਾ ਕਿ ਆਖਰ ਇਸ ਕਲਾਕਾਰ ਜਿਹੜਾ ਇਨਕਲਾਬੀ ਏਕਤਾ ਕੇਂਦਰ ਦਾ ਕਨਵੀਨਰ ਵੀ ਹੈ, ਨੂੰ ਸਰਕਾਰ ਕਿਉਂ ਸਨਮਾਨ ਦੇ ਰਹੀ ਹੈ ? ਜਦ ਕਿ ਇਹ ਸਰਕਾਰ ਮਿਹਨਤਕਸ਼ ਜਮਾਤ ਦੇ ਹਰ ਘੋਲ ਨੂੰ ਲਾਠੀ ਗੋਲੀ ਮਾਲ ਕੁਚਲਦੀ ਹੈ ਤਾਂ ਮਿਹਨਤਕਸ਼ ਜਮਾਤ ਦੇ ਹੀ ਸਾਹਿੱਤਕਾਰਾਂ ਨੂੰ ਇਨਾਮ ਕਿਉਂ ਦੇਂਦੀ ਹੈ ?

ਹੁਣ ਭਾਜੀ ਜੁਆਬ ਦੇਣਗੇ ਕਿ ਕੇਡਰ ਦੇ ਸ਼ੰਕੇ ਦੂਰ ਕਰਨ ਦੇ ਵੀ ਉਪਰਾਲੇ ਕਰਨੇ ਚਾਹੀਦੇ ਹਨ । ਪਰ ਕੇਡਰ ਦੇ ਸ਼ੰਕੇ ਦੂਰ ਕਰਨ ਲਈ ਜਿੰਨੀ ਊਰਜਾ ਲਗੇਗੀ ਉਹ 10000 ਰੁ: ਨਾਲੋਂ ਕਿਤੇ ਵੱਧ ਹੈ ਅਤੇ ਸਿਰਫ 10000 ਰੁ: ਦੀ ਖਾਤਰ ਇੰਨੀ ਸ਼ਕਤੀ ਕੇਡਰ ਦੇ ਸ਼ੰਕੇ ਦੂਰ ਕਰਨ ਲਈ ਲਾਣੀ ਕੋਈ ਫਾਇਦੇਮੰਦ ਸੌਦਾ ਨਹੀਂ ।

**6.** ਸਤਿਕਾਰ ਯੋਗ ਭਾਅ ਜੀ ।    ਮਹਿੰਦਰ ਮਟੂ

ਸਾਡੀ ਇਧਰ ਸਭ ਦੋਸਤਾਂ ਦੀ ਨਿੱਜੀ ਰਾਏ ਇਥੇ ਖੜ੍ਹੀ ਹੈ ਜਦੋਂ ਮੋਹਾਲੀ ਕਿਹਾ ਕਿ ਸਰਕਾਰੀ ਇਨਾਮ-ਸਨਮਾਨ ਪ੍ਰਾਪਤ ਕਰੋ ਜ਼ਮੀਰ ਨਾ ਵੇਚੋ । ਸੋ ਤੁਸੀਂ ਲੋਕਾਂ ਦੇ ਕਲਾਕਾਰ ਹੋ ਲੋਕਾਂ ਦੇ ਸਰਮਾਏ ਵਿਚੋਂ ਜੇਕਰ ਤੁਸਾਂ ਨੂੰ ਕੁਝ ਵਾਪਸ ਪਰਤਾਇਆ ਜਾ ਰਿਹਾ ਹੈ ਜ਼ਰੂਰ ਪ੍ਰਾਪਤ ਕਰੋ । ਨਹੀਂ ਤਾਂ ਕਿ ਪੈਸਾ ਕੋਈ ਹੋਰ ਟੁਕੜ ਬੋਚ ਵੀ ਲਿਜਾ ਸਕਦਾ ਹੈ । ਜਿਹੜਾ ਸਾਡੇ ਹੀ ਲੋਕਾਂ ਦੇ ਵਿਰੁਧ ਹੀ ਵਰਤਿਆ ਜਾ ਸਕਦਾ ਹੈ ਸੋ ਤੁਸੀਂ ਜਿਸ ਹਿੰਮਤ ਨਾਲ ਲੋਕ-ਹਿਤਾਂ ਲਈ ਆਪਾ ਵਾਰ ਰਹੇ ਹੋ ਏਨਾ ਜ਼ਰੂਰ ਧਿਆਨ ਰਖੋ ਤੁਸਾਂ ਦੀ ਸਾਨੂੰ ਬਹੁਤ ਹੀ ਲੰਬੇ ਸਮੇਂ ਲਈ ਲੋੜ ਹੈ । ਸੇਹਤ ਸੰਭਾਲ ਕੇ ਰਖੋ । ਗੁਰਸ਼ਰਨ ਸਿੰਘ ਲੋਕਾਂ ਦਾ ਹੈ । ਤੁਸੀਂ ਉਸ ਨੂੰ (ਸੇਹਤ ਪਖੋਂ) ਸੰਭਾਲ ਕੇ ਰਖੋ--ਤੁਹਾਡੀ ਲੰਬੀ ਉਮਰ 'ਚ ਸੰਘਰਸ਼ਾਂ ਲਈ ਅਰਪਿਤ ਪਲ ਪਲ ਲਈ ਅਰਜ਼ੋਈ ਨਾਲ ਤੁਹਾਡਾ

ਦੀਦਾਰ ਸ਼ੇਤਰਾ

**7.** ਗੁਰਸ਼ਰਨ ਭਾਅ ਜੀ, ਲਾਲ ਸਲਾਮ।

ਤੁਹਾਨੂੰ ਆਪਣੀ ਸੁਰੱਖਿਅਤਾ ਦੀ ਗਰੰਟੀ ਪੈਗਾਮ ਦੀ ਰਿਪੋਰਟ ਤੇ ਨਹੀਂ ਰੱਖਣੀ ਚਾਹੀਦੀ। ਪੈਗਾਮ ਦਾ ਤੁਹਾਨੂੰ ਇਹ ਭਰੋਸਾ ਕਿ ਖਾਲਿਸਤਾਨੀਆਂ ਦੀ ਕਮਿਊਨਿਸਟ ਇਨਕਲਾਬੀਆਂ ਨੂੰ ਮਾਰਨ ਦੀ ਕੋਈ ਯੋਜਨਾ ਨਹੀਂ, ਸਰਾਸਰ ਗਲਤ ਹੈ। ਜੋ ਹੁਣ ਤੀਕ ਮਾਰੇ ਗਏ ਹਨ, ਕੀ ਉਹ ਕਿਸ ਯੋਜਨਾ ਅਧੀਨ ਮਾਰੇ ਗਏ ਹਨ ? ਜੇ ਉਹ ਫਿਰਕਾ ਪ੍ਰਸਤੀ ਦੇ ਵਿਰੋਧ ਕਰਨ ਵੱਜੋਂ ਮਾਰੇ ਗਏ ਹਨ ਤਾਂ ਕੀ ਹਰ ਕਮਿਊਨਿਸਟ ਦਾ ਇਹ ਫਰਜ਼ ਨਹੀਂ ਬਣਦਾ ਕਿ ਫਿਰਕਾਪ੍ਰਸਤੀ ਤੇ ਹਕੂਮਤੀ ਦਹਿਸ਼ਤਗਰਦੀ ਦਾ ਵਿਰੋਧ ਕਰੇ ? ਸਿੱਖ ਸਾਵੰਨਵਾਦੀਆਂ ਦੀਆਂ ਕਾਨਫਰੰਸਾਂ ਵਿਚ ਨਾਸਤਕਤਾ ਦੇ ਵਿਰੋਧ ਜਾਂ ਨਾਸਤਿਕਾਂ ਨੂੰ ਸੋਧਣੇ ਦੇ ਮਤੇ ਕੀ ਕਮਿਊਨਿਸਟ ਇਨਕਲਾਬੀਆਂ ਦੇ ਜੀਵਨ ਸੁਰੱਖਿਅਤਾ ਲਈ ਹਨ ? ਕੀ ਖਾਲਿਸਤਾਨੀ ਟੋਲੇ ਹਰ ਬੰਦੇ ਨੂੰ ਮਾਰਨ ਤੋਂ ਪਹਿਲਾਂ ਪੈਗਾਮ ਵਾਲਿਆਂ ਦੀ ਰਾਇ ਲੈਣਗੇ ਤੇ ਫਿਰ ਕਤਲ ਕਰਨਗੇ। ਖਾਲਿਸਤਾਨੀਆਂ ਦੀ ਤੀਜੀ ਸ਼੍ਰੇਣੀ ਦੇ ਬੰਦਿਆਂ ਤੋਂ ਸਾਫ ਸਪਸ਼ਟ ਹੈ ਜਿਨ੍ਹਾਂ ਨਾਲ ਮੇਰੇ ਦੋਸਤੀ ਦੇ ਸੰਬੰਧ ਹਨ ਉਹਨਾਂ ਨੂੰ ਮੇਰੀ ਮੂਲ ਵਿਚਾਰਧਾਰਾ ਦੀ ਕੋਈ ਜਾਣਕਾਰੀ ਨਹੀਂ ਹੈ, ਕਿ ਕਮਿਊਨਿਸਟ ਉਹਨਾਂ ਨੂੰ ਕੰਡਿਆਂ ਵਾਂਗ ਰੜਕਦੇ ਹਨ। ਉਹਨਾਂ ਫਿਰਕਾ ਪ੍ਰਸਤੀ ਵਿਰੋਧੀ ਸਰਗਰਮੀਆਂ ਦੀਆਂ ਰਿਪੋਰਟਾਂ ਉਪਰ ਕਾਤਲੀ ਸੁਕੈਡਾਂ ਤੀਲ ਭੇਜਦੇ ਰਹਿੰਦੇ ਹਨ। ਫਿਰ ਤੁਸੀਂ ਕਿਵੇਂ ਸਮਝਦੇ ਹੋ ਕਿ ਤੁਸੀਂ ਉਹਨਾਂ ਤੋਂ ਸੁਰੱਖਿਅਤ ਹੋ।

ਮਾਲੀ ਨੇ ਪਾਠਕ ਫੋਰਮ ਵਿਚ ਸੁਰਖ ਰੇਖਾ ਦੀ ਪੱਤਰਕਾਰੀ ਵਿਰੁੱਧ ਤਰਕਵਾਦੀ ਢੰਗ ਨਾਲ ਕੋਈ ਠੋਸ ਸਬੂਤ ਨਹੀਂ ਦਿਤਾ ਕਿ ਸੁਰਖ ਰੇਖਾ ਦੀ ਪੱਤਰਕਾਰੀ ਝੂਠੀ ਹੈ। ਸੁਰਖ ਰੇਖਾ ਨੂੰ ਮੂਰਖ ਰੇਖਾ ਲਿਖਣਾ ਤਰਲ ਤੋਂ ਡਿੱਗ ਕੇ ਗਾਲ੍ਹੀ ਗਲੋਚ ਤੁਕ ਦੀ ਨੌਬਤ ਹੈ। ਮਾਲੀ ਚਾਹੇ ਤਾਂ ਸਭਿਅਤ ਢੰਗ ਨਾਲ, ਤਰਕ ਨਾਲ ਆਪਣੀ ਵਿਚਾਰਧਾਰਾ ਸਪਸ਼ਟ ਕਰ ਸਕਦਾ ਹੈ ਪਰ ਮਾਲੀ ਦੀ ਬਚਕਾਨਾ ਸੋਚ ਗਾਲੀ ਗਲੋਚ ਤੀਕ ਹੀ ਸੀਮਤ ਹੈ।

ਸੁਰਖ ਰੇਖਾ ਦੀ ਪੱਤਰਕਾਰੀ ਵਿਚ ਮਸਾਲਾ ਕੁਝ ਜ਼ਿਆਦਾ ਲੱਗਿਆ ਪ੍ਰਤੀਤ ਹੁੰਦਾ ਹੈ ਪਰ ਇਸ ਨੂੰ ਮੂਰਖ ਰੇਖਾ ਨਹੀਂ ਕਿਹਾ ਜਾ ਸਕਦਾ।

ਸਰਕਾਰ ਦੀ ਚਮਚੀ ਮਾਰ ਕੇ ਇਨਾਮ ਕਰਨਾ ਲਹਿਰ ਨਾਲ ਗਦਾਰੀ ਹੈ ਪਰ ਜੇ ਸਰਕਾਰ ਵਿਚ ਬੈਠੀ ਬੁਰਜੂਆ ਸ਼੍ਰੇਣੀ ਵਿਚ ਇਹ ਚੇਤਨਤਾ ਆਉਂਦੀ ਹੈ ਕਿ ਕਿਸੇ ਇਨਕਲਾਬੀ ਨੂੰ ਵੀ ਇਨਾਮ ਦੇਣਾ ਹੈ ਤਾਂ ਇਹ ਲੈ ਲੈਣਾ ਚਾਹੀਦਾ ਹੈ। ਉਸ ਦਾ ਹੱਕ ਹੈ। ਬਿਨਾਂ ਤਰਲ ਤੋਂ ਵਿਰੋਧ ਕਰਨਾ ਮੂਰਖਤਾ ਹੈ।

ਗੁਰਮੀਤ (ਲੁਧਿਆਣਾ)

**8** ਗੁਰਨਾਮ ਸੰਘ ਦੇ ਲੇਖ ਬਾਰੇ

"ਭਾਰਤੀ ਸਮਾਜ ਦੇ ਤਿੰਨ ਵਰਗ" ਨਾਮੀ ਲੇਖ ਵਿਚ ਗੁਰਨਾਮ ਸਿੰਘ ਮੁਕਤਸਰ ਦੇ ਲੇਖ ਵਿਚ ਕੁਝ ਇਹੋ ਜਿਹੀਆਂ ਉਦਾਹਰਣਾਂ ਦਿੱਤੀਆਂ ਹਨ ਜੋ ਅਸਲੀਅਤ ਨਾਲ ਮੇਲ ਨਹੀਂ ਖਾਂਦੀਆਂ। ਇਸ ਤੋਂ ਪਹਿਲਾਂ ਵੀ ਇਸ ਲੇਖਕ ਦੇ ਕੁਝ ਲੇਖ ਸਾਡੇ ਸਿਰਮਨ ਗੋਚਰੇ ਆਏ ਹਨ। ਜਿਨ੍ਹਾਂ ਵਿਚ ਲੇਖਕ ਨੇ ਹਮੇਸ਼ਾਂ ਹੀ ਸਹੀ ਪੱਖ ਨੂੰ ਨਜ਼ਰ ਅੰਦਾਜ਼ ਕੀਤਾ ਹੈ। ਆਉ ਹੁਣ ਆਪਾ ਇਸ ਲੇਖ ਬਾਰੇ ਖਿਆਲ ਕਰੀਏ।

ਇਸ ਲੇਖ ਨੂੰ ਮੁੱਖ ਤੌਰ ਤੇ ਲੋਕਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਗਿਆ। ਇਹ ਤਿੰਨੇ ਵਰਗ ਲੇਖਕ ਮੁਤਾਬਿਕ (1) ਅਮੀਰ ਵਰਗ (ਲੁਟੇਰੀ ਜਮਾਤ) (2) ਦਲਿਤ ਵਰਗ (ਲੁਟੀ ਜਾਣ ਵਾਲੀ ਜਮਾਤ) (3) ਮੱਧ ਵਰਗ (ਪਾਲਤੂ ਜੋਕਾਂ) ਲੇਖਕ ਅਮੀਰ ਵਰਗਾਂ ਬਾਰੇ ਬਹੁਤ ਹੀ ਥੋੜੇ ਸ਼ਬਦਾਂ ਵਿਚ ਇਸ ਸ਼੍ਰੇਣੀ ਦੇ ਕਰੈਕਟਰ ਬਾਰੇ ਦਸਦਾ ਹੈ। ਪਰ ਇਸ ਸ਼੍ਰੇਣੀ ਨਾਲ ਉਸਨੂੰ ਕੋਈ ਖਾਸ ਵਿਰੋਧ ਨਹੀਂ ਜਾਪਦਾ। ਜਦੋਂ ਮੱਧ ਵਰਗ ਬਾਰੇ ਲੇਖਕ ਨੇ ਸਾਰਾ ਜ਼ੋਰ ਹੀ ਇਸ ਗੱਲ ਵੱਲ ਲਾਇਆ ਹੈ ਕਿ ਇਸ ਦੇਸ਼ ਦੀ ਮੌਜੂਦਾ ਸਥਿਤੀ ਦਾ ਮੁੱਖ ਜ਼ਿੰਮੇਵਾਰ ਹੈ। ਲੇਖਕ ਨੇ ਇਸ ਸ਼੍ਰੇਣੀ ਨੂੰ ਪਾਣੀ ਪੀ ਪੀ ਕੇ ਕੋਸਿਆ ਹੈ। ਲੇਖਕ ਦਾ ਸਾਰਾ ਜ਼ੋਰ ਹੀ ਇਸ ਸ਼੍ਰੇਣੀ ਨੂੰ ਦੁਸ਼ਮਣ ਸਾਬਤ ਕਰਨ ਵੱਲ ਲੱਗਾ ਹੈ। ਇਸ ਦੇਸ਼ ਦੀ ਸਰਮਾਏਦਾਰੀ ਜਮਾਤ ਨੂੰ ਇਸ ਸਭ ਕਾਸੇ ਨਾਲੋਂ ਬਰੀ ਕੀਤਾ ਜਾ ਸਕਦਾ ਹੈ ? ਕੀ ਸਾਡੀ ਲੜਾਈ ਕੇਵਲ ਮੱਧ ਵਰਗ ਨਾਲ ਹੀ ਹੈ।

ਅਸੀਂ ਲੇਖਕ ਦੀ ਇਸ ਗੱਲ ਦੇ ਸਖਤ ਖਿਲਾਫ ਹਾਂ ਕਿ "ਇਹੀ ਉਹ ਲੋਕ ਹਨ ਜੋ ਰਾਖਵੇਂਕਰਣ ਵਿਰੁਧ ਸਭ ਤੋਂ ਵੱਧ ਤੋਂ ਵੱਧ ਸ਼ੋਰ ਮਚਾਉਂਦੇ ਹਨ। ਅਤੇ ਹਰ ਹੇਰਾਫੇਰੀ ਵਰਤ ਕੇ ਗਰੀਬ ਵਰਗ ਨੂੰ ਗਰੀਬ ਬਣਾਈ ਰਖਣ ਵਿਚ ਲਗੇ ਰਹਿੰਦੇ ਹਨ।

ਲੇਖਕ ਇਹਨਾਂ ਸ਼ਬਦਾਂ ਵਿਚ ਅਚੇਤ ਜਾਂ ਸੁਚੇਤ ਰੂਪ ਇਸ ਗੱਲ ਨੂੰ ਸਮਝਣ ਤੋਂ ਅਸਮਰਥ ਜਾਪਦਾ ਹੈ। ਕਿ ਰਾਖਵਾਂ ਕਰਨ ਬਾਰੇ ਨੀਤੀ ਇਹਨਾਂ ਜਮਾਤਾਂ ਨੂੰ ਆਪਣੇ ਵੋਟ ਬੈਂਕ ਨੂੰ ਪੱਕੀ ਬਣਾਈ ਰੱਖਣ ਵਾਸਤੇ ਕੀਤੀ ਹੈ। ਨਾ ਕਿ ਕਿਸੇ ਵਰਗ ਨੂੰ ਉਪਰ ਚੁਕਣ ਵਾਸਤੇ। ਜੇਕਰ ਇਹ ਨੀਤੀ ਪਿਛਲੇ ਪੈਂਤੀ ਸਾਲਾਂ ਵਿਚ ਕੋਈ ਸਿੱਟਾ ਨਹੀਂ ਕੱਢ ਸਕੀ ਤਾਂ ਅੱਗੋਂ ਤੋਂ ਵੀ ਇਸ ਨੀਤੀ ਤੋਂ ਕੀ ਆਸ ਰਖੀ ਜਾ ਸਕਦੀ ਹੈ। ਪਰ ਅਸੀਂ ਇਸ ਗੱਲ ਦੇ ਵੀ ਹੱਕ ਵਿਚ ਨਹੀਂ ਕਿ ਇਸ ਨੂੰ ਖਤਮ ਕਰ ਦਿਤਾ ਜਾਵੇ। ਪਰ ਅਸੀਂ ਸਮਝਦੇ ਹਾਂ ਕਿ ਕਿਸੇ ਵੀ ਗੱਲ ਦਾ ਸਥਾਈ ਹੱਲ ਮੌਜੂਦਾ ਢਾਂਚੇ ਨੂੰ ਉਲਟਾ

ਕੇ ਹੀ ਇਸ ਦੀ ਥਾਂ ਮਜ਼ਦੂਰਾਂ ਕਿਸਾਨਾਂ ਦੀ ਸੜ੍ਹਾ ਸਮਾਪਤ ਕਰਕੇ ਹਾਂ ਹੋ ਸਕਦਾ ਹੈ। ਇਸ ਲਈ ਅਸੀਂ ਲੇਖਕ ਨੂੰ ਬੇਨਤੀ ਕਰਦੇ ਹਾਂ ਕਿ ਉਹ ਆਪਣੀ ਗੱਲ ਭਿੰਡਰਵਾਲੇ ਤਰੀਕੇ ਨਾਲ ਨਾ ਕਰੇ। ਕਿਉਂਕਿ ਇਸ ਢੰਗ ਨਾਲ ਇਸ ਜਮਾਤ ਬਾਰੇ ਉਹ ਗੱਲ ਕਰਦਾ ਹੈ। ਕਦੀ ਮੁਕਤੀ ਨਹੀਂ ਹੋ ਸਕਦੀ।

ਅਖੀਰ ਵਿਚ ਲੇਖਕ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਲੇਖ ਵਿਚ ਜਿਸ ਜਮਾਤ ਨੂੰ ਮੁਖ ਦੁਸ਼ਮਣ ਸਮਝਦਾ ਹੈ। ਉਹ ਦੁਸ਼ਮਣ ਨਹੀਂ, ਉਸ ਨੂੰ ਅਸੀਂ ਆਪਣੇ ਨਾਲ ਵੀ ਤੋਰ ਸਕਦੇ ਹਾਂ। ਸੋ ਅਸਲੀ ਦੁਸ਼ਮਣ ਨਾਲ ਲੜਨ ਦੀ ਬਜਾਏ ਅਸੀਂ ਇਸ ਜਮਾਤ ਨੂੰ ਆਪਣਾ ਦੁਸ਼ਮਣ ਨਾ ਬਣਾਈਏ।

ਲਖਬੀਰ ਸਿੰਘ

## 9. ਇਕ ਸਾਥੀ ਦੀ ਚਿੱਠੀ ਤੇ ਉਹਦਾ ਜਵਾਬ

ਬਜ਼ੁਰਗ ਸਾਥੀ ਗੁਰਸ਼ਰਨ ਸਿੰਘ ਜੀ, ਲਾਲ ਸਲਾਮ।

ਅਪ੍ਰੈਲ ਅੰਕ 'ਚ ਮਾਲਵਿੰਦਰ ਮਾਲੀ ਸੰਪਾਦਕ ਪੈਗਾਮ ਦੀ ਚਿੱਠੀ ਪੜ੍ਹੀ ਜਿਸ ਤੋਂ ਉਸ ਦੀ ਆਪਣੀ ਸਮਝ ਦਾ ਦਿਵਾਲਾ ਨਿਕਲਿਆ ਨਜ਼ਰ ਆਇਆ। ਇਕ ਪਾਸੇ ਤਾਂ ਆਪਣੇ ਆਪ ਨੂੰ ਕਮਿਊਨਿਸਟ ਇਨਕਲਾਬੀ ਕਹਾਉਣ ਵਾਲਾ ਤੇ ਪੈਗਾਮ ਦਾ ਸੰਪਾਦਕ ਇਕ ਪੇਪਰ ਸੁਰਖ ਰੇਖਾ ਦੇ ਪੱਤਰਕਾਰ ਖੜਕ ਸਿੰਘ ਦੀਆਂ ਰਿਪੋਰਟਾਂ ਨੂੰ ਗਲਤ ਸਿੱਧ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਜੋ ਗੁਪਤ ਰਿਪੋਰਟਾਂ ਸੀ.ਆਈ. ਏ. ਤੇ ਕੇ. ਜੇ. ਬੀ ਨਹੀਂ ਲੈ ਸਕੀ ਉਹ ਖੜਕ ਸਿੰਘ ਲੈ ਗਿਆ। ਕੀ ਅਗਸਤ 83 ਤੋਂ ਅੱਜ ਤੱਕ ਜੋ ਹਰਮੰਦਰ ਸਾਹਿਬ ਵਿਚਲੀਆਂ ਰਿਪੋਰਟਾਂ ਤੇ ਜੋ ਕੁੱਝ ਵੀ ਉਥੇ ਵਾਪਰ ਰਿਹਾ ਸੀ ਤੇ ਵਾਪਰ ਰਿਹਾ ਹੈ ਬਾਰੇ ਖੜਕ ਸਿੰਘ ਨੇ ਲਿਖਿਆ ਕੀ ਉਨ੍ਹਾਂ ਵਿਚੋਂ ਕੋਈ ਗੱਲ ਗਲਤ ਹੋਈ? ਹਰ ਇਕ ਰਿਪੋਰਟ ਨੇ ਪਿਛੋਂ ਸੱਚ ਤੇ ਮੋਹਰਾਂ ਲਾਈਆਂ। ਇਸ ਦੇ ਨਾਲ ਹੀ ਮਾਲੀ ਜੀ ਅਜਿਹੇ ਪੱਤਰਕਾਰ ਅੱਗੇ ਦੋਵੇਂ ਹੱਥ ਖੜੇ ਕਰਨ ਦੀ ਆਪਾ ਵਿਰੋਧੀ ਵਿਚਾਰ ਲਿਖ ਰਿਹਾ ਹੈ। ਜੇਕਰ ਉਹ ਗਲਤ ਪੱਤਰਕਾਰੀ ਕਰਦਾ ਹੈ ਤਾਂ ਇਹ ਕਿਹੜੀ ਕਮਿਊਨਿਸਟ ਵਿਚਾਰਧਾਰਾ ਹੈ ਕਿ ਇਕ ਗਲਤ ਆਦਮੀ ਜਾਂ ਗਲਤ ਵਿਚਾਰ ਵਾਲੇ ਅੱਗੇ ਹੱਥ ਖੜੇ ਕਰਨ ਵਾਲੀ ਨੀਤੀ ਰੱਖ ਰਿਹਾ ਹੈ। ਕੀ ਉਸ ਵੇਲੇ ਪੈਗਾਮ ਨੇ ਕੋਈ ਰਿਪੋਰਟ ਅਜਿਹੀ ਕੀਤੀ ਜਾਂ ਪਿਛੋਂ ਵੀ ਕੋਈ ਅਜਿਹੀ ਗੱਲ ਕੀਤੀ।

ਦੂਜੀ ਗੱਲ ਇਹ ਕਿ ਤੁਸੀਂ ਸਾਥੀ ਗੁਰਸ਼ਰਨ ਜੀ ਪੈਗਾਮ ਵਾਲੇ ਸਾਥੀ ਮਾਲੀ ਨੂੰ ਕੀ ਸਮਝਦੇ ਹੋ? ਕੀ ਹੁਣ ਤਕ ਕੋਈ ਇਨਕਲਾਬੀਆਂ ਵਾਲਾ ਕੋਈ ਕੰਮ ਜਾਂ ਲਿਖਿਆ ਹੀ ਹੋਵੇ। ਜੇਕਰ ਅਜਿਹੀ ਕੋਈ ਗੱਲ ਹੈ ਤਾਂ ਫਿਰ ਉਹ ਪਲਸ ਮੰਚ ਇਨਕਲਾਬੀ ਏਕਤਾ ਕੇਂਦਰ ਜਾਂ ਫਿਰ ਜਬਰ ਤੇ ਫਿਰਕਾ ਪ੍ਰਸਤੀ ਵਿਰੋਧੀ ਫਰੰਟ ਤੋਂ ਕਿਨਾਰਾ ਕਿਉਂ ਕਰ ਗਿਆ। ਫਿਰ ਵੀ ਜੇਕਰ ਸੁਰਖ ਰੇਖਾ ਨੇ ਉਨ੍ਹਾਂ ਲਈ ਕੋਈ ਘਟੀਆ ਸ਼ਬਦ ਲਿਖ ਵੀ ਦਿੱਤਾ ਤਾਂ ਤੁਹਾਨੂੰ ਕੀ ਇਤਰਾਜ਼ ਹੋ ਗਿਆ ਸੀ। ਉਹ ਜਿਹੜੇ ਸ਼ਬਦਾਂ ਨਾਲ ਸਬੋਧਨ ਕੀਤਾ ਗਿਆ ਸੀ ਉਹ ਉਹਨਾਂ ਦੇ ਹੀ ਯੋਗ ਸੀ।

ਤੀਜਾ—ਲੋਕਾਂ ਲਈ ਤੁਸੀਂ ਜੋ ਵੀ ਹੁਣ ਤੱਕ ਕੰਮ-ਕਾਰ ਕੀਤਾ ਕਾਫੀ ਸਲਾਹੁਨ ਯੋਗ ਹੈ ਤੇ ਹੁਣ ਤੁਸੀਂ ਸਰਕਾਰੀ ਸਨਮਾਨ ਨੂੰ ਪ੍ਰਾਪਤ ਕਰਨਾ ਆਪਣਾ ਹੱਕ ਸਮਝਦੇ ਹੋ ਜੋ ਕਿ ਲੋਕਾਂ ਦੇ ਟੈਕਸਾਂ ਤੇ ਪੈਸੇ ਤੋਂ ਇਕੱਠਾ ਕੀਤਾ ਗਿਆ ਹੈ। ਰੁਪਿਆ ਪ੍ਰਾਪਤ ਕਰਨਾ ਚੰਗਾ ਸਮਝਿਆ। ਕਈ ਹੋਰ ਉਦਾਹਰਣਾਂ ਵੀ ਦਿੱਤੀਆਂ ਹਸਪਤਾਲਾਂ ਵਿਚ ਦਵਾਈਆਂ, ਕਾਲਜਾਂ ਦੀਆਂ ਡਿਗਰੀਆਂ, ਵਜ਼ੀਫੇ ਤੇ ਹੋਰ ਇਹ ਸਾਰਾ ਲੋਕਾਂ ਦਾ ਹੀ ਪੈਸਾ ਹੈ। ਕਿੰਨੀ ਘਟੀਆ ਸੋਚ ਹੋ ਗਈ ਤੁਹਾਡੀ ਸਮਝ ਨਹੀਂ ਆਈ। ਕੀ ਤੁਸੀਂ ਕਿਸੇ ਸਾਬਕਾ ਮੈਂਬਰਾਂ ਤੋਂ ਹਿਪਨੋਟਾਈਜ਼ ਤਾਂ ਨਹੀਂ ਹੋ ਗਏ। ਜੋ ਕਿ ਸਰਕਾਰੀ ਬੋਲੀ ਬੋਲਣ ਦੀ ਤੇ ਹੋਰ ਅਜਿਹੀਆਂ ਗੱਲਾਂ ਕਰਦੇ ਹੋ। ਇਹ ਕਮਿਊਨਿਸਟ ਨਜ਼ਰੀਏ ਤੋਂ ਚੰਗਾ ਨਹੀਂ।

—ਤੁਸੀਂ ਆਪ ਹੀ ਮਾਲਕ ਭਾਗੋ ਦਾ ਨਾਟਕ ਸਟੇਜ ਕਰਦੇ ਹੋ ਤੇ ਭਾਗੋ ਦੇ ਖਾਣੇ ਵਿਚੋਂ ਦੁੱਧ ਤੇ ਮਲਕ ਦੀ ਰੋਟੀ ਚੋਂ ਲਹੂ ਦਿਖਾਉਂਦੇ ਹੋਏ ਕੀ ਪ੍ਰਭਾਵ ਦਿੰਦੇ ਸੀ। ਉਦੋਂ ਤਾਂ ਇਕ ਸਰਮਾਏਦਾਰ ਜਗੀਰਦਾਰ ਦੇ ਖਾਣੇ ਵਿਚੋਂ ਜੋ ਕਿ ਲੋਕਾਂ ਦੀ ਲੁੱਟ ਦੀ ਤੇ ਜਬਰੀ ਉਗਰਾਈ ਤੋਂ ਇਕੱਠੇ ਪੈਸੇ ਤੇ ਅੰਨ ਦੇ ਰੋਟੀ ਚੋਂ ਲਹੂ ਨਿਕਲ ਕੇ ਸਟੇਜ ਤੇ ਵਿਖਾਇਆ ਗਿਆ। ਉਹ ਤੇ ਇਹ ਕੀ ਵੱਖਰੇ-ਵੱਖਰੇ ਰੂਪ ਹਨ। ਇਹ ਵੀ ਸਪਸ਼ਟ ਕਰੋ।

ਇਸਕਲਾਬੀ ਸਾਥੀ—ਆਰ. ਐਸ. ਭੰਡਾਰੀ (ਬਰਨਾਲਾ)

o ਭੰਡਾਰੀ ਜੀ, ਇਸ ਚਿੱਠੀ ਦਾ ਪਹਿਲਾ ਨੁਕਤਾ ਸੁਰਖ ਰੇਖਾ ਅਤੇ ਪੈਗਾਮ ਨਾਲ ਸਬੰਧ ਰਖਦਾ ਹੈ, ਉਹ ਇਕ ਦੂਜੇ ਨਾਲ ਨਿਧੜਣ ਦੇ ਯੋਗ ਹਨ। ਇਸ ਦਾ ਦੂਜਾ ਅਤੇ ਤੀਜਾ ਨੁਕਤਾ ਮੈਨੂੰ ਸੰਬੋਧਨ ਹੈ, ਇਸ ਲਈ ਇਹਨਾਂ ਨੁੱਕਤਿਆਂ ਦਾ ਜਵਾਬ ਮੇਰੇ ਵਲੋਂ ਦੇਣਾ ਬਣਦਾ ਹੈ। ਮੇਰੇ ਕੋਲੋਂ ਪੁਛਿਆ ਗਿਆ ਹੈ ਕਿ ਮੈਂ ਮਾਲਵਿੰਦਰ ਮਾਲੀ ਨੂੰ ਕੀ ਸਮਝਦਾ ਹਾਂ? ਮੇਰਾ ਜਵਾਬ ਹੈ ਕਿ ਨਕਸਲ-ਬਾੜੀਆਂ ਦੇ ਇਕ ਗਰੁੱਪ ਵਲੋਂ ਜਿਹੜਾ ਇਕ ਮੈਗਜ਼ੀਨ 'ਪੈਗਾਮ ਨਿਕਲਦਾ ਹੈ, ਉਹਦਾ ਉਹ ਐਡੀਟਰ ਹੈ, ਸਾਡੇ ਉਹਦੇ ਨਾਲ ਭਾਵੇਂ ਲੱਖ ਵਖਰੇਵੇਂ ਹੋਣ ਪਰ ਜੋ ਪ੍ਰਤੱਖ ਹੈ ਉਸ ਤੋਂ ਕਿਸ ਤਰ੍ਹਾਂ ਮੁਨਕਰ ਹੋਇਆ ਜਾ ਸਕਦਾ ਹੈ। ਮੈਨੂੰ ਹਰ ਉਸ ਪਤ੍ਰਕਾਰੀ ਤੇ ਇਤਰਾਜ਼ ਹੈ, ਜਿਸ ਵਿਚ

Regd. with Registrar, News Paper Vide No. MA/12397-D dated 18 4 80
Post Office No. P/AR—133

## ਪਹਿਲੀ ਮਈ ਦਾ ਯੁੱਗ/ਬਲਬੀਰ ਪਰਵਾਨਾ

ਪਹਿਲੀ ਮਈ ਸਿਰਫ਼ ਇਕ ਦਿਨ ਨਹੀਂ
ਇਕ ਯੁੱਗ ਹੈ
ਦੋ ਯੁੱਗਾਂ ਦੇ ਵਿਚਾਲੇ ਦਾ ਇਕ ਮੁੱਲ

ਇਕ ਯੁੱਗ ਜਿਹੜਾ 'ਬੁੜ੍ਹ-ਪੁਰਾਣਾ' ਹੋ ਚੁੱਕਿਆ
ਜਰਜਰੇ ਹੋ ਚੁੱਕੇ ਖੰਡਰਾਂ ਵਾਂਗ
ਨਿੱਤ ਦਿਨ ਜਿਹਦੀਆਂ 'ਥੰਮੀਆਂ' ਡਿਗ ਰਹੀਆਂ
ਤੇ ਇਕ ਯੁੱਗ ਜਿਹੜਾ ਨਵਾਂ ਉਸਰ ਰਿਹਾ ਹੈ
ਆਜ਼ਾਦੀ ਦਾ ਯੁੱਗ, ਬਰਾਬਰੀ ਦਾ ਯੁੱਗ, ਜਮਹੂਰੀਅਤ
ਦਾ ਯੁੱਗ
ਇਸ ਨਵੇਂ ਯੁੱਗ ਦਾ ਪਰਤੀਕ ਹੈ ਪਹਿਲੀ ਮਈ

ਇਕ ਪੁਰਾਣੀ ਯਾਦ ਵੀ ਹੈ
ਜਦੋਂ ਬੁੱਢੇ ਯੁੱਗ ਦੇ ਸਤਾਏ ਲੋਕਾਂ ਨੇ
ਨਵੇਂ ਯੁਗ ਦੇ ਰਾਹ ਪੈਰ ਪੁੱਟਿਆ ਸੀ
ਉਦੋਂ ਬੁੱਢੇ ਯੁੱਗ ਦਾ ਅਜੇ ਕੋਈ ਥੰਮ ਨਹੀਂ ਸੀ ਡਿਗਿਆ
ਤੇ ਉਹਨੇ ਸੋਚਿਆ

ਮੈਂ ਦੁਨੀਆਂ ਦੇ ਹਰ ਜ਼ਰੇ ਤੇ ਕਾਬਜ ਹਾਂ
ਕੌਣ ਮੇਰੀ ਸ਼ਕਤੀ ਨੂੰ ਹੇਰਨ ਦੀ ਹਿੰਮਤ ਕਰ ਸਕਦਾ ?
ਕੰਗਲੇ ਜਹੇ ਸਿਰਫਿਰੇ ਲੋਕ
ਸੰਗੀਨਾਂ ਦੀ ਨੋਕਾਂ ਨੂੰ ਤੱਕ ਚੁੱਪ ਕਰ ਜਾਣਗੇ
ਤੇ ਫਿਰ ਲੋਹ-ਨਾਲੀਆਂ ਨੇ ਅੱਗ ਉਗਲੀ ਸੀ

ਪਰ ਜਬਰ ਦੇ ਹਰ ਵਾਰ ਨੇ
ਉਹਦੀ ਆਪਣੀ ਈ ਕਬਰ ਖੋਦੀ
ਸ਼ਹੀਦਾਂ ਦਾ ਲਹੂ ਲੋਕਾਂ ਦਾ ਰਾਹ ਰੁਸ਼ਨਾਉਣ ਲੱਗਾ
ਜ਼ਾਰ ਬੁੱਢੇ ਯੁੱਗ ਦਾ ਪਹਿਲਾ ਥੰਮ ਸੀ ਜੋ ਡਿੱਗਿਆ
ਤੇ ਫਿਰ ਇਕ ਇਕ ਬਾਅਦ ਇਕ ਥੰਮ ਡਿਗਦੇ ਗਏ
ਥੰਮ ਡਿਗ ਰਹੇ ਨੇ
ਥੰਮ ਡਿੱਗਗ ਰਹੇ ਨੇ
ਬੁੱਢਾ ਯੁੱਗ ਮੁੱਕ ਰਿਹਾ ਹੈ
ਨਵਾਂ ਯੁੱਗ ਉਧਰ ਰਿਹਾ ਹੈ
ਨਵਾਂ ਯੁੱਗ ! ਜੋ ਪਹਿਲੀ ਮਈ ਦਾ ਯੁੱਗ ਹੈ ।
o

---

ਵਿਰੋਧੀ ਦੇ ਪੱਖ ਨੂੰ ਤੋੜ-ਮਰੋੜ ਕੇ ਜਾਂ ਸੰਦਰਭ ਤੋਂ ਕਿਸੇ ਫਿਕਰੇ ਨੂੰ ਵੱਖ ਕਰਕੇ ਪੇਸ਼ ਕੀਤਾ ਜਾਏ ਅਤੇ ਵਿਰੋਧੀ ਉਪਰ ਚਿੱਕੜ ਉਛਾਲਿਆ ਜਾਏ । ਇਹ ਪਤ੍ਰਕਾਰੀ ਭਾਵੇਂ ਪੈਗਾਮ ਵਾਲਿਆਂ ਦੀ ਹੋਵੇ ਭਾਵੇਂ 'ਸੁਰਖ ਰੇਖਾ' ਵਾਲਿਆਂ ਦੀ ਹੋਏ ਜਾਂ ਕਿਸੇ ਹੋਰ ਦੀ ਹੋਵੇ ਉਹ ਨਿੰਦਾਯੋਗ ਹੈ। ਇਨਕਲਾਬ ਦੇ ਖੇਤਰ ਵਿਚ ਹਾਲੇ ਕਿਸੇ ਵੀ ਗਰੁੱਪ ਦੀ ਇਹੋ ਜਿਹੀ ਪ੍ਰਾਪਤੀ ਨਹੀਂ ਕਿ ਉਹ ਦੂਜੇ ਦੇ ਪੱਖ ਨੂੰ ਨਿਖੇਧਾਤਮੱਕ ਤੌਰ ਤੇ ਪੇਸ਼ ਕਰੇ ।

o ਦੂਜੇ ਨੁਕਤੇ ਦਾ ਇਹ ਸਪੱਸ਼ਟ ਜਵਾਬ ਹੈ ਕਿ ਮੈਂ ਹਾਲੇ ਤਕ ਕੋਈ ਸਨਮਾਨ ਨਹੀਂ ਲਿਆ ਪਰ ਇਸਨੂੰ ਲੈਣ ਜਾਂ ਨਾ ਲੈਣ ਦਾ ਫੈਸਲਾ ਕਰਨ ਤੋਂ ਪਹਿਲਾਂ ਮੈਂ ਸਾਰੇ ਪਹਿਲੂਆਂ ਤੇ ਪੂਰੀ ਬਹਿਸ ਕਰਨਾ ਚਾਹੁੰਦਾ ਹਾਂ । ਇਹ ਇਸ ਸਟੇਟ ਦੇ ਵਰਤਾਰੇ ਨੂੰ ਸਮਝਣ ਵਿਚ ਸਹਾਈ ਹੋਵੇਗੀ । ਮੇਰੀ ਰਾਏ ਵਿਚ ਸਾਡਾ ਬਹੁਤ ਸਾਰਾ ਇਨਕਲਾਬੀ ਕੇਡਰ 'ਹੰਨੇ ਜਾਂ ਬੰਨੇ' ਦੀ ਮਾਨਸਕਤਾ ਨਾਲ ਸੋਚਦਾ ਹੈ। ਇਹ ਸੋਚ ਇਤਹਾਸ ਦੇ ਇਕ ਪੜਾਅ ਉਤੇ ਜ਼ਰੂਰੀ ਵੀ ਹੈ । ਉਸ ਇਤਹਾਸਕ ਪੜਾਅ ਦੇ ਅਸੀਂ ਹਾਲੇ ਨੇੜੇ ਤੇੜੇ ਵੀ ਨਹੀਂ ਪੁੱਜੇ ਤੇ ਇਕ ਅੰਦਰਮੁੱਖੀ ਆਦਰਸ਼ਕ ਸੋਚ ਨਾਲ ਆਪਣੇ ਆਪ ਨੂੰ ਸਮਾਜ ਦੇ ਹਰ ਵਰਤਾਰੇ ਤੋਂ ਅਲੱਗ ਥਲੱਗ ਕਰ ਲੈਂਦੇ ਹਾਂ । ਮੇਰੀਆਂ ਦਲੀਲਾਂ ਦਾ ਜਿਸ ਤਰ੍ਹਾਂ, ਹੁੜਾ ਫੇਰੂ ਤਰੀਕੇ ਨਾਲ ਮਜ਼ਾਕ ਉਡਾਇਆ ਗਿਆ ਹੈ, ਇਹ ਵੀ ਇਸੇ ਮਾਨਸਕਤਾ ਦਾ ਨਤੀਜਾ ਹੈ । ਕਿਸੇ ਸਾਬਕਾ ਮੈਂਬਰ ਨੇ ਮੈਨੂੰ ਹਿਪਨੋਟਾਈਜ਼ ਕਰ ਦਿਤਾ ਹੈ, ਇਹ ਵੀ ਇਲਜ਼ਾਮ ਮੈਂ ਸਮਝ ਨਹੀਂ ਸਕਿਆ ਪਰ ਇਹ ਗੱਲ ਲਿਖਣਾ ਵੀ ਉਸੇ ਮਾਨਸਕਤਾ ਦੀ ਦੇਣ ਹੈ, ਜਿਸ ਬਾਰੇ ਮੈਂ ਉਪਰ ਲਿਖਿਆ ਹੈ ।

o ਇਹ ਸਟੇਟ ਮਲਕ ਭਾਗੋਆਂ (ਪੈਸੇ ਵਾਲਿਆਂ ਦੀ, ਲੋਟੂਆਂ ਦੀ) ਦੇ ਪੱਖ ਦੀ ਸਟੇਟ ਹੈ ਇਸ ਵਿਚ ਕੋਈ ਸ਼ੱਕ ਨਹੀਂ ਪਰ ਇਸਦਾ ਵਰਤਾਰਾ ਪੰਦਰਵੀਂ ਸਦੀ ਦੀ ਮਲਕ ਭਾਗੋ ਦੀ ਜਾਗੀਰ ਦਾ ਵਰਤਾਰਾ ਨਹੀਂ । ਇਸ ਸਟੇਟ ਦੇ ਵਰਤਾਰੇ ਵਿਚ ਪਾਰਲੀਮੈਂਟ ਹੈ ਜਿਸ ਵਿਚ ਸਮੇਂ ਦੀ ਸਰਕਾਰ ਦੇ ਵਿਰੁੱਧ (ਭਾਵੇਂ ਅਪਣੇ ਅਪਣੇ ਜਮਾਤੀ ਕਿਰਦਾਰ ਦੇ ਅਨੁਸਾਰ ਸੀਮਤ ਤਰੀਕੇ ਨਾਲ) ਬੋਲਿਆ ਜਾਂਦਾ ਹੈ । ਆਜ਼ਾਦੀ ਨਾਲ (ਭਾਵੇਂ ਸੀਮਤ ਤਰੀਕੇ ਨਾਲ) ਅਖਬਾਰਾਂ ਵਿਚ ਲਿਖਿਆ ਜਾਂਦਾ ਹੈ । ਅਗਾਂਹ ਵਧੂ ਵਿਚਾਰਾਂ ਦੀਆਂ ਫਿਲਮਾਂ ਚਲਦੀਆਂ ਹਨ; ਇਨਕਲਾਬੀ ਨਾਟਕ ਖੇਡੇ ਜਾਂਦੇ ਹਨ । ਦੇਸ਼ ਦੇ ਪ੍ਰਧਾਨ ਅਤੇ ਪ੍ਰਧਾਨ ਮੰਤਰੀ ਦੀ ਖੁੱਲ੍ਹੀ ਆਮ ਆਲੋਚਨਾ ਹੁੰਦੀ ਹੈ । ਸਾਡੇ ਲਈ ਅਪਣੇ ਇਨਕਲਾਬੀ ਮਿਸ਼ਨ ਨੂੰ ਅਗੇ ਲਿਜਾਣ ਵਾਸਤੇ ਸਾਰੇ ਸਾਧਨਾਂ ਦੀ ਸੰਭਵ ਵਰਤੋਂ ਕਰਨੀ ਬਣਦੀ ਹੈ । ਬਾਹਰ ਮੁਖੀ ਹਾਲਤਾਂ ਅਨੁਸਾਰ ਅਪਣੇ ਪੈਂਤੜੇ ਬਨਾਉਣੇ ਹਨ ਤੇ ਸਮੇਂ ਸਮੇਂ ਉਹਨਾਂ ਵਿਚ ਤਬਦੀਲੀਆਂ ਲਿਆਉਣੀਆਂ ਹਨ । ਅਸੂਲ ਨੂੰ ਤਿਆਗੇ ਬਿਨਾਂ ਅਸੀਂ ਹਾਲਾਤ ਦੇ ਅਨੁਸਾਰ ਵਿਚਰਨਾ ਹੈ । ਜੇ ਅਸੀਂ ਅਪਣੀ ਅੰਦਰ ਮੁੱਖੀ ਮਾਨਸ਼ਕਤਾ ਦੇ ਕੈਦੀ ਬਣੇ ਰਹੇ ਤੇ ਇਸੇ ਕੈਦ ਤੋਂ ਬਾਹਰ ਆਉਣ ਦੇ ਹਰ ਯਤਨ ਨੂੰ 'ਮੌਕਾ ਪ੍ਰਸਤੀ' ਦਾ ਨਾਂ ਦੇਕੇ ਨਿਖੇਧਾਂਗੇ ਤਾਂ ਇਕ ਕਦਮ ਵੀ ਅਗੇ ਨਹੀਂ ਪੁੱਟ ਸਕਾਂਗੇ । ਇਹ ਮੇਰਾ ਮੱਦ ਹੈ ਤੇ ਮੈਂ ਵਾਰ ਵਾਰ ਇਸੇਨੂੰ ਬਹਿਸ ਅਧੀਨ ਲਿਆ ਰਿਹਾ ਹਾਂ । ਅਪਣੀ ਵੀ ਅਤੇ ਹੋਰਨਾਂ ਦੀ ਵੀ ਸਮਝ ਸਾਫ ਕਰਨਾ ਇਸ ਰਹਿਸ ਦਾ ਮੰਤਵ ਹੈ । / ਗੁਰਸ਼ਰਨ ਸਿੰਘ